15

# ਪੰਜਾਬ ਰਾਜ ਬਿਜਲੀ ਬੋਰਡ
## (ਚੀਫ ਆਈ.ਆਰ ਤੇ ਡਬਲਿਯੂ)
## ( ਰੈਗੂਲੇਸ਼ਨ ਭਾਗ ਪਟਿਆਲਾ )

ਸਰਕੂਲਰ ਨੰ: 11/2008

ਵੱਲ
1. ਸਾਰੇ ਇੰਜ: ਇਨ:ਚੀਫ/ਜਨਰਲ ਮੈਨੇਜਰ/ਵਿੱਤ,ਪੰ:ਰਾ:ਬਿ:ਬੋ, ਡੀ.ਜੀ.ਪੀ ਵੀ.ਤੇ.ਐਸ.ਪੰ:ਰਾ:ਬਿ:ਬੋ'।
2. ਸਾਰੇ ਮੁੱਖ ਇੰਜ:ਪੰ:ਰਾ:ਬਿ:ਬੋ'/ਬੀ.ਬੀ.ਐਮ.ਬੀ ਸਮੇਤ ਹਾਈਡਲ/ਚੀਫ ਆਈ.ਆਰ.ਡਬਲਯੂ।
3. ਸਾਰੇ ਮੁੱਖ ਲੇਖਾ ਅਫਸਰ/ਮੁੱਖ ਆਡੀਟਰ,ਪੰ:ਰਾ:ਬਿ:ਬੋ'।
4. ਓ.ਐਸ.ਡੀ. ਟੂ ਚੇਅਰਮੈਨ ਪੰ:ਰਾ:ਬਿ:ਬੋ' ਪਟਿਆਲਾ।
5. ਮੁੱਖ ਕਾਸਟ ਕੰਟਰੋਲਰ ਅਤੇ ਰੀਡਕਸ਼ਨ ਪੰ:ਰਾ:ਬਿ:ਬੋ' ਪਟਿਆਲਾ।
6. ਐਸ.ਈ (ਟੀ) ਟੂ ਮੈਂਬਰਜ਼ ਪੰ:ਰਾ:ਬਿ:ਬੋ' ਪਟਿਆਲਾ।
7. ਸਾਰੇ ਨਿਗ:ਇੰਜ:/ਡਾਇਰੈਕਟਰਜ਼,ਪੰ:ਰਾ:ਬਿ:ਬੋ' ਪਟਿਆਲਾ।
8. ਮੁੱਖ ਖਰੀਦ ਅਫਸਰ ਪੰ:ਰਾ:ਬਿ:ਬੋ' ਪਟਿਆਲਾ।
9. ਲੇਖਾ ਅਤੇ ਵਿੱਤ ਮੈਨੇਜਰ,ਜੀ.ਐਨ.ਡੀ.ਟੀ.ਪੀ ਬਠਿੰਡਾ।

ਮੀਮੋ ਨੰ:106643/6823 /ਆਰ:ਈ:ਜੀ:343
ਮਿਤੀ 11.11.2008

ਵਿਸ਼ਾ: ਪੰਜਾਬ ਰਾਜ ਬਿਜਲੀ ਬੋਰਡ, ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਵਿਨਿਯਮ-2008.

ਪੰਜਾਬ ਰਾਜ ਬਿਜਲੀ ਬੋਰਡ, ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਵਿਨਿਯਮ-2008 ਜਿਹੜੇ ਕਿ ਬੋਰਡ ਨੇ ਆਪਣੀ 5/08 ਦੀ ਮੀਟਿੰਗ ਜੋ ਕਿ ਮੋਹਾਲੀ ਵਿਖੇ ਮਿਤੀ 22/10/2008 ਨੂੰ ਹੋਈ ਸੀ, ਦੀ ਕਾਪੀ (ਦਫਤਰੀ ਹੁਕਮ ਨੰ:952 /ਆਰ:ਈ:ਜੀ/343 ਮਿਤੀ 6/11/2008) ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ। ਇਸ ਦੀ ਕਾਪੀ ਆਪਣੇ ਅਧੀਨ ਦਫਤਰਾਂ ਨੂੰ ਵੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਵੇ ਜੀ।

ਨੱਥੀ/ਉਪਰੋਕਤ ਅਨੁਸਾਰ

ਉਪ ਸਕੱਤਰ/ਪੀ.ਤੇ ਆਰ,
ਪੰ:ਰਾ:ਬਿ:ਬੋ ਪਟਿਆਲਾ।

ਪਿੱਠ ਅੰਕਣ106824/7641 /ਆਰ:ਈ:ਜੀ-343 ਮਿਤੀ: 11.11.2008

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸਮੇਤ ਸਹਿੱਲਗਸੂਚਨਾ ਅਤੇ ਕਾਰਵਾਂਈ ਹਿੱਤ ਭੇਜਿਆ ਜਾਂਦਾ ਹੈ:-
1. ਮੈਂਬਰ ਪਾਵਰ ਬੀ.ਬੀ.ਐਮ ਬੀ.ਸੈਕਟਰ-9 ਚੰਡੀਗੜ੍ਹ।
2. ਸਕੱਤਰ ਬੀ.ਬੀ.ਐਮ ਬੀ.ਸੈਕਟਰ-9 ਚੰਡੀਗੜ੍ਹ।
3. ਸਕੱਤਰ/ਓਮਬਡਸਮੈਨ,ਇਲੈਕਟ੍ਰੀਸਿਟੀ ਪੰਜਾਬ,248 ਸੈਕਟਰ-19-ਏ ਚੰਡੀਗੜ੍ਹ,
4. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਪ੍ਰੋਕਿਊਰਮੈਂਟ,ਪੰ:ਰਾ:ਬਿ:ਬੋ, ਪਟਿਆਲਾ।
5. ਵਿੱਤ ਸਲਾਹਕਾਰ,ਪੰ:ਰਾ:ਬਿ:ਬੋ, ਪਟਿਆਲਾ।
6. ਨਿਗ:ਇੰਜ:ਇਲੈਕਟ੍ਰੀਕਲ ਯੂਨੀਅਨ ਟੇਰੇਟਰੀ ਚੰਡੀਗੜ੍ਹ।
7. ਸਾਰੇ ਉਪ ਮੁੱਖ ਲੇਖਾ ਅਸਫਰ/ਉਪ ਵਿੱਤ ਸਲਾਹਕਾਰ/ਉਪ ਮੁੱਖ ਆਡੀਟਰ ਸਮੇਤ ਰੋਪੜ ਥਰਮਲ,ਲਹਿਰਾ ਮਹੱਬਤਥਰਮਲ ਅਤੇ ਬਠਿੰਡਾ ਥਰਮਲ ਪ੍ਰੋਜੈਕਟ
8. ਸਾਰੇ ਕਾ:ਕਾ:ਇੰਜ:/ਰੈਜੀਡੇਟ ਇੰਜ:/ਡਿਪਟੀ ਡਾਇਰੈਕਟਰ/ਖਰੀਦ ਅਫਸਰ ਪੰ:ਰਾ:ਬਿ:ਬੋ:।

ਚਲਦਾ ਹੈ-----

9. ਸਾਰੇ ਸੀਨੀ:ਲੇਖਾ ਅਫਸਰ/ਲੇਖਾ ਅਫਸਰ ਬਿਆਸ ਪ੍ਰੋਜੈਕਟ,ਬੀ.ਬੀ ਐਮ.ਬੀ. ਅਤੇ ਹਾਈਡਲ।
10. ਰੈਜੀਡੈਂਟ ਆਡਿਟ ਅਫਸਰ ਪੰ:ਰਾ:ਬਿ:ਬੋ,ਪਟਿਆਲਾ।
11. ਉਪ ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬੀ.ਬੀ.ਐਮ.ਬੀ. ਨੰਗਲ।
12. ਵਿੱਤ ਸਲਾਹਕਾਰ ਅਤੇ ਮੁੱਖ ਲੇਖਾ ਅਫਸਰ ਬਿਆਸ ਪ੍ਰੋਜੈਕਟ ਤਲਵਾੜਾ ਟਾਊਨ ਸ਼ਿਪ।
13. ਉਪ ਸਕੱਤਰ ਟੂ ਚੇਅਰਮੈਨ ਪੰ:ਰਾ:ਬਿ:ਬੋ,ਸੀਨੀ:ਨਿੱਜੀ ਸਕੱਤਰ ਟੂ ਮੈਂਬਰਜ਼, ਸਕੱਤਰ,ਪੰ:ਰਾ:ਬਿ:ਬੋ ਪਟਿਆਲਾ
14. ਸਾਰੇ ਜੁਆਇੰਟ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ ,ਸਾਰੇ ਭਾਗਾਂ ਦੇ ਮੁਖੀ ਪੰ:ਰਾ:ਬਿ:ਬੋ ਪਟਿਆਲਾ।

ਸੁਪਰਡੈਂਟ/ਰਿਗੂ:ਤੇ ਕੇਂਦਰੀ ਰਿਕਾਰਡ,
ਵਾ: ਉਪ ਸਕੱਤਰ/ਪੀ.ਤੇ.ਆਰ,ਪੰ:ਰਾ:ਬਿ:ਬੋ,
ਪਟਿਆਲਾ।

# ਪੰਜਾਬ ਰਾਜ ਬਿਜਲੀ ਬੋਰਡ

ਅਨੁਲੱਗ-ਏ

## ( ਚੀਫ ਆਈ.ਆਰ.ਤੇ ਡਬਲਿਯੂ, ਪਟਿਆਲਾ)

ਦਫਤਰੀ ਹੁਕਮ ਨੰ: 952 / ਆਰ:ਈ:ਜੀ-343 ਮਿਤੀ: 6.11.2008

ਪੰਜਾਬ ਰਾਜ ਬਿਜਲੀਬੋਰਡ, ਬਿਜਲੀ ਸਪਲਾਈ ਐਕਟ-1948 ਦੀ ਧਾਰਾ-79 (ਸੀ) ਅਧੀਨ ਦਿੱਤੇ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰ:ਰਾ:ਬਿ:ਬੋ, ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਅਧੀਨ ਨਿਯੁਕਤ ਵਿਅਕਤੀਆਂ ਦੀ ਭਰਤੀ ਅਤੇ ਸੇਵਾ ਸ਼ਰਤਾ ਨੂੰ ਵਿਨਿਯਮਤ ਕਰਨ ਲਈ ਹੇਠ ਲਿਖੇ ਵਿਨਿਯਮ ਬਣਾਉਣ ਵਿਚ ਪ੍ਰਸੰਨਤਾ ਅਨੁਭਵ ਕਰਦਾ ਹੈ,ਅਰਥਾਤ ( namely ) :-

**1, ਸੰਖੇਪ ਨਾਂ,ਅਰੰਭ ਅਤੇ ਅਮਲ:**

(ੳ) ਇਹਨਾਂ ਵਿਨਿਯਮਾਂ ਨੂੰ ਪੰਜਾਬ ਰਾਜ ਬਿਜਲੀ ਬੋਰਡ ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਵਿਨਿਯਮ-2008 ਕਿਹਾ ਜਾਵੇਗਾ।
(ਅ) ਇਹ ਵਿਨਿਯਮ ਤਰੁੰਤ ਲਾਗੂ ਹੋਣਗੇ।
(ੲ) ਇਹ ਵਿਨਿਯਮ ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਦੇ ਹਰੇਕ ਮੈਂਬਰ ਤੇ ਲਾਗੂ ਹੋਣਗੇ।

**2. ਪਰਿਭਾਸ਼ਾਵਾਂ:**

ਇਹਨਾਂ ਵਿਨਿਯਮਾਂ ਵਿਚ ਜਦੋਂ ਤੱਕ ਵਿਸ਼ੇ ਜਾਂ ਪ੍ਰਸੰਗ ਵਿਚ ਕੁਝ ਹੋਰ ਜਰੂਰੀ ਨਾ ਹੋਵੇ:

(ੳ) "ਐਕਟ " ਦਾ ਅਰਥ ਹੈ ਬਿਜਲੀ (ਸਪਲਾਈ) ਐਕਟ , 1948 (1948 ਦਾ LIV ) ਅਤੇ ਸਮੇਂ ਸਮੇਂ ਤੇ ਇਹਨਾਂ ਵਿਚ ਕੀਤੇ ਗਏ ਕਾਨੂੰਨੀ ਸੰਸ਼ੋਧਨ, ਪਰਿਵਰਤਨ ਅਤੇ ਪੁਨਰ ਨਿਰਮਾਣ ਸ਼ਾਮਲ ਹਨ।
(ਅ) "ਨਿਯੁਕਤੀ ਅਧਿਕਾਰੀ" ਦਾ ਅਰਥ ਉਹ ਅਧਿਕਾਰੀ ਹੈ ਜਿਹੜਾ ਬੋਰਡ ਦੇ ਕਿਸੇ ਕਰਮਚਾਰੀ ਨੂੰ ਇਹਨਾਂ ਵਿਨਿਯਮਾਂ ਅਧੀਨ ਸੇਵਾ ਤੇ ਨਿਯੁਕਤ ਕਰਨ ਦੇ ਸਮਰੱਥ ਹੋਵੇ।
(ੲ) "ਬੋਰਡ" ਦਾ ਅਰਥ, ਬਿਜਲੀ (ਸਪਲਾਈ ) ਐਕਟ-1948 ਦੀ ਧਾਰਾ-5 ਅਧੀਨ ਬਣਾਇਆ "ਪੰਜਾਬ ਰਾਜ ਬਿਜਲੀ ਬੋਰਡ" ਹੈ।
(ਸ)" ਸੰਵਿਧਾਨ "ਦਾ ਅਰਥ, ਭਾਰਤ ਦਾ ਸੰਵਿਧਾਨ ਹੈ।
(ਹ)" ਸਿੱਧੀ ਨਿਯੁਕਤੀ" ਦਾ ਅਰਥ ਉਹ ਨਿਯੁਕਤੀ ਹੈ, ਜੋ ਕਿ ਇਸ ਸੇਵਾ ਦੇ ਕਿਸੇ ਮੈਂਬਰ ਦੀ ਤਰੱਕੀ ਜਾਂ ਕਰਮਚਾਰੀ ਦੀ ਬਦਲੀ ਜਿਹੜਾ ਕਿ ਪਹਿਲਾ ਹੀ ਕਿਸੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਜਾਂ ਸਰਕਾਰ ਦੀ ਕਿਸੇ ਹੋਰ ਸੰਸਥਾ ( Undertaking ) ਅਧੀਨ ਸੇਵਾ ਵਿੱਚ ਹੋਵੇ , ਨੂੰ ਛੱਡ ਕੇ ਕੀਤੀ ਗਈ ਹੋਵੇ।
(ਕ)" ਸਰਕਾਰ " ਦਾ ਅਰਥ, ਪੰਜਾਬ ਰਾਜ ਦੀ ਸਰਕਾਰ ਹੈ।
(ਖ)" ਮਾਨਤਾ ਪ੍ਰਾਪਤ ਵਿਸ਼ਵ ਵਿਦਿਆਲਾ (ਯੂਨੀਵਰਸਿਟੀ)" ਦਾ ਅਰਥ ਹੈ ਭਾਰਤ ਵਿਚ ਕਾਨੂੰਨ ਦੁਆਰਾ ਸਥਾਪਿਤ ਵਿਸ਼ਵ ਵਿਦਿਆਲਾ ਜਾਂ ਕੋਈ ਹੋਰ ਦੂਜਾ ਵਿਸ਼ਵ ਵਿਦਿਆਲਾ ਜਿਸ ਨੂੰ ਸਰਕਾਰ ਦੁਆਰਾ ਇਹਨਾਂ ਵਿਨਿਯਮਾਂ ਦੇ ਉਦੇਸ਼ ਨਾਲ ਮਾਨਤਾ ਪ੍ਰਦਾਨ ਕੀਤੀ ਗਈ ਹੋਵੇ।
(ਗ )" ਸੇਵਾ "ਦਾ ਅਰਥ , ਪੰਜਾਬ ਰਾਜ ਬਿਜਲੀ ਬੋਰਡ ਡਰਾਇੰਗ ਸੇਵਾਵਾਂ ਗਰੁਪ ਬੀ ਅਤੇ ਸੀ ਹੈ।
(ਘ) "ਚੋਣ ਕਮੇਟੀ " ਦਾ ਅਰਥ ਉਹ ਕਮੇਟੀ ਹੈ ਜਿਹੜੀ ਕਿ ਸੇਵਾ ਵਿਚ ਸਿੱਧੀ ਭਰਤੀ ਵਾਸਤੇ ਉਮੀਦਵਾਰਾਂ ਦੀ ਚੋਣ ਕਰਨ ਲਈ ਬੋਰਡ ਵੱਲੋਂ ਬਣਾਈ ਗਈ ਹੋਵੇ।

**3. ਸੇਵਾ ਦਾ ਕਾਡਰ ਅਤੇ ਇਸ ਵਿਚ ਸ਼ਾਮਲ ਆਸਾਮੀਆਂ ਦੀ ਬਣਤਰ/ ਵਿਸ਼ੇਸਤਾ:**

ਇਸ ਸੇਵਾ ਅਧੀਨ ਆਸਾਮੀਆਂ ਦੀ ਬਣਤਰ, ਇਹਨਾਂ ਵਿਨਿਯਮਾਂ ਨਾਲ ਲੱਗੀ ਅੰਤਿਕਾ ' ੳ ' ਅਨੁਸਾਰ ਹੋਵੇਗੀ ।

ਤੇ.ਏ
5/11/08

ਪਰ ਸ਼ਰਤ ਇਹ ਹੈ ਕਿ ਸਮੇਂ ਸਮੇਂ ਤੇ ਅਜਿਹੀਆਂ ਆਸਾਮੀਆਂ ਦੀ ਗਿਣਤੀ ਵਿਚ ਵਾਧਾ, ਕਟੌਤੀ ਜਾਂ ਭਿੰਨ-ਭਿੰਨ ਪੱਦਵੀਆਂ,ਨਾਵਾਂ ਜਾਂ ਤਨਖਾਹ ਸਕੇਲਾਂ ਦੇ ਨਾਲ, ਸਥਾਈ ਜਾਂ ਅਸਥਾਈ ਤੌਰ ਤੇ ਨਵੀਆਂ ਆਸਾਮੀਆਂ ਦੇ ਰਚਨ ਦੇ ਬੋਰਡ ਦੇ ਨਿਹਿਤ ( Inherent ) ਅਧਿਕਾਰ ਨੂੰ ਇਹ ਵਿਨਿਯਮ ਕਿਸੇ ਵੀ ਤਰਾਂ ਪ੍ਰਭਾਵਿਤ ਨਹੀਂ ਕਰਨਗੇ।

4. ਨਿਯੁਕਤੀ ਦੀ ਵਿਧੀ:

ਸੇਵਾ ਅਧੀਨ ਵੱਖ-ਵੱਖ ਆਸਾਮੀਆਂ ਤੇ ਜਿਵੇਂ ਜੇ.ਡੀ.ਐਮ. ਦੀ ਸਿੱਧੀ ਭਰਤੀ ਬੋਰਡ ਦੀ ਸਟਾਫ ਸਲੇਕਸ਼ਨ ਕਮੇਟੀ ਰਾਹੀਂ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਜੇ.ਡੀ.ਐਮ. ਤੋਂ ਅੱਗੇ ਡੀ.ਐਮ, ਡੀ.ਐਚ.ਡੀ, ਸੀ.ਐਚ.ਡੀ, ਦੀ ਤਰੱਕੀ ਸ਼ੀਨੀਆਰਤਾ ਦੇ ਅਧਾਰ ਤੇ ਹੋਵੇਗੀ।

5. ਸੇਵਾ ਅਧੀਨ ਨਿਯੁਕਤ ਉਮੀਦਵਾਰਾਂ ਦੀ ਰਾਸਟਰੀਅਤਾ,
ਨਿਵਾਸ ( Domicile ) ਅਤੇ ਆਚਰਣ:

(1) ਸੇਵਾ ਅਧੀਨ ਨਿਯੁਕਤੀ ਲਈ ਜਰੂਰੀ ਹੈ ਕਿ ਉਮੀਦਵਾਰ:-

(ੳ) ਭਾਰਤ ਦਾ ਨਾਗਰਿਕ ਹੋਵੇ ਜਾਂ
(ਅ) ਨੇਪਾਲ ਦਾ ਨਾਗਰਿਕ ਹੋਵੇ ਜਾਂ
(ੲ) ਭੂਟਾਨ ਦਾ ਨਾਗਰਿਕ ਹੋਵੇ ਜਾਂ
(ਸ) ਤਿੱਬਤ ਦਾ ਸ਼ਰਨਾਰਥੀ (ਰਫਿਊਜ਼ੀ) ਹੋਵੇ ਜਿਹੜਾ ਕਿ ਪਹਿਲੀ ਜਨਵਰੀ 1962 ਤੋਂ ਪਹਿਲਾਂ ਭਾਰਤ ਵਿਚ ਸਥਾਈ ਤੌਰ ਤੇ ਰਹਿਣ ਦੇ ਇਰਾਦੇ ਨਾਲ ਭਾਰਤ ਆਇਆ ਹੋਵੇ, ਜਾਂ
(ਹ) ਭਾਰਤੀ ਮੂਲ ਉਤਪਤੀ ਦਾ ਵਿਅਕਤੀ ਹੋਵੇ, ਜਿਹੜਾ ਕਿ ਪਾਕਿਸਤਾਨ, ਬਰਮਾਂ , ਸ੍ਰੀ ਲੰਕਾ ਅਤੇ ਪੂਰਬੀ ਅਫਰੀਕਾ ਦੇ ਦੇਸ਼ਾਂ , ਕੀਨੀਆ, ਯੂਗਾਂਡਾ, ਦੀ ਯੂਨਾਇਟਿਡ ਰਿਪਬਲਿਕ ਆਫ ਤਨਜਾਨੀਆਂ (ਪਹਿਲਾ ਤੰਗਨਾਇਕਾ ਅਤੇ ਜੰਜੀਬਾਰ), ਜਾਂਬੀਆ, ਮਲਾਵੀ, ਜਾਇਰੇ, ਇਥੋਪੀਆ ਅਤੇ ਵੀਅਤਨਾਮ ਤੋਂ ਭਾਰਤ ਵਿਚ ਸਥਾਈ ਤੌਰ ਤੇ ਰਹਿਣ ਦੇ ਇਰਾਦੇ ਨਾਲ ਆਇਆ ਹੋਵੇ।

ਪਰ ਸ਼ਰਤ ਇਹ ਹੈ ਕਿ (ਅ),(ੲ),(ਸ) ਅਤੇ (ਹ) ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰਾਂ ਦੇ ਪੱਖ ਵਿੱਚ ਭਾਰਤ ਸਰਕਾਰ ਵੱਲੋਂ ਪਾਤਰਤਾ (Eligibility ) ਸਰਟੀਫਿਕੇਟ ਜਾਰੀ ਕੀਤਾ ਗਿਆ ਹੋਵੇ।

(2) ਉਸ ਉਮੀਦਵਾਰ ਨੂੰ ਜਿਸ ਦੇ ਕੇਸ ਵਿਚ ਪਾਤਰਤਾ (Eligibility ) ਸਰਟੀਫਿਕੇਟ ਲੋੜੀਂਦਾ ਹੋਵੇ,ਚੋਣ ਕਮੇਟੀ ਵੱਲੋਂ ਨਿਰਧਾਰਿਤ ਪ੍ਰੀਖਿਆ ਜਾਂ ਇੰਟਰਵਿਊ ਵਿਚ ਦਾਖਲ/ਸ਼ਾਮਲ ਤਾਂ ਕੀਤਾ ਜਾ ਸਕਦਾ ਹੈ ਪਰ ਨਿਯੁਕਤੀ ਪੱਤਰ ਭਾਰਤ ਸਰਕਾਰ ਵੱਲੋਂ ਉਸ ਦੇ ਹੱਕ ਵਿਚ ਪਾਤਰਤਾ ਸਰਟੀਫਿਕੇਟ ਜਾਰੀ ਹੋਣ ਤਾਂ ਬਾਅਦ ਹੀ ਜਾਰੀ ਕੀਤਾ ਜਾਵੇਗਾ।

(3) ਕਿਸੇ ਵੀ ਉਮੀਦਵਾਰ ਨੂੰ ਉਦੋਂ ਤੱਕ ਕਿਸੇ ਵੀ ਸੇਵਾ ਤੇ ਸਿੱਧੀ ਨਿਯੁਕਤੀ ਰਾਹੀਂ ਭਰਤੀ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਉਹ ਸਬੰਧਤ ਯੂਨੀਵਰਸਿਟੀ, ਕਾਲਜ, ਸਕੂਲ ਜਾਂ ਸੰਸਥਾ, ਜੋ ਕੋਈ ਵੀ ਹੋਵੇ ਜਿਥੇ ਉਹ ਆਖਰੀ ਸਮੇਂ ਪੜਿਆ ਹੋਵੇ, ਦੇ ਮੁੱਖ ਅਕਾਦਮਿਕ ਅਫਸਰ/ਮੁੱਖ ਵਿਦਿਅਕ ਅਧਿਕਾਰੀ ਵੱਲੋਂ ਆਚਰਣ ਸਰਟੀਫਿਕੇਟ ਅਤੇ ਇਹੋ ਜਿਹਾ ਹੀ ਸਰਟੀਫਿਕੇਟ ਦੋ ਜ਼ਿੰਮੇਵਾਰ ਵਿਅਕਤੀਆਂ, ਜੋ ਉਸ ਦੇ ਰਿਸ਼ਤੇਦਾਰ ਨਾ ਹੋਣ ਅਤੇ ਉਸ ਦੀ ਨਿੱਜੀ ਜਿੰਦਗੀ ਬਾਰੇ ਪੂਰੀ ਵਾਕਫੀ ਰੱਖਦੇ ਹੋਣ ਅਤੇ ਉਸ ਦੀ ਯੂਨੀਵਰਸਿਟੀ,ਕਾਲਜ ਜਾਂ ਸੰਸਥਾ ਨਾਲ ਸਬੰਧਤ ਨਾ ਹੋਣ, ਵੱਲੋਂ ਪੇਸ਼ ਨਾ ਕਰ ਦੇਵੇ।

6. ਕੋਈ ਵੀ ਵਿਅਕਤੀ ਜਿਹੜਾ ਕਿ:-

(1) (ੳ) ਉਸ ਵਿਅਕਤੀ ਨਾਲ ਵਿਆਹ ਕਰਵਾਏ ਜਾਂ ਵਿਆਹ ਦਾ ਮੁਆਇਦਾ / ਸਗਾਈ ਕਰੇ ਜਿਸ ਦਾ ਪਤੀ / ਪਤਨੀ ਜਿੰਦਾ ਹੋਵੇ, ਜਾਂ

(ਅ) ਜਿੰਦਾ ਪਤੀ / ਪਤਨੀ ਦੇ ਹੁੰਦੇ ਹੋਏ, ਕਿਸੇ ਹੋਰ ਵਿਅਕਤੀ ਨਾਲ ਵਿਆਹ ਕਰਵਾਏ ਜਾਂ ਵਿਆਹ ਦਾ ਮੁਆਇਦਾ / ਸਗਾਈ ਕਰੇ, ਉਹ ਸੇਵਾ ਅਧੀਨ ਨਿਯੁਕਤੀ ਲਈ ਯੋਗ ਨਹੀ ਹੋਵੇਗਾ।

ਪਰ ਸ਼ਰਤ ਇਹ ਹੈ ਕਿ ਜੇਕਰ ਬੋਰਡ ਦੀ ਤਸੱਲੀ ਹੋਵੇ ਕਿ ਇਹੋ ਜਿਹੇ ਵਿਆਹ ਦੀ , ਇਸ ਨਾਲ ਸਬੰਧਤ ਦੂਜੀ ਧਿਰ ਤੇ ਲਾਗੂ ਨਿੱਜੀ ਕਾਨੂੰਨ ਆਗਿਆ ਦਿੰਦੇ ਹਨ ਅਤੇ ਇਸ ਤੋ ਇਲਾਵਾ ਇਸ ਤਰ੍ਹਾਂ ਕਰਨ ਦੇ ਹੋਰ ਵੀ ਅਧਾਰ ਹਨ, ਤਾਂ ਬੋਰਡ ਉਸ ਵਿਅਕਤੀ ਨੂੰ ਨਿਯਮ ਦੇ ਅਮਲ ਤੋਂ ਛੋਟ ਦੇ ਸਕਦਾ ਹੈ।

(2) ਨਿਯੁਕਤੀ ਅਧਿਕਾਰੀ ਇਹ ਯਕੀਨੀ ਬਣਾਏਗਾ ਕਿ ਵਿਅਕਤੀ ਦਾ ਆਚਰਣ ਅਤੇ ਪੂਰਵ ਵਿਹਾਰ ( **Antecedents** ) ਇਹੋ ਜਿਹੇ ਹਨ ਜੋ ਕਿ ਉਸ ਨੂੰ ਸੇਵਾ ਤੇ ਨਿਯੁਕਤੀ ਲਈ ਯੋਗ ਬਣਾਉਂਦੇ ਹਨ।

(3) ਉਹ ਭਾਰਤ ਸਰਕਾਰ/ਕਿਸੇ ਰਾਜ ਸਰਕਾਰ/ਰਾਜ ਬਿਜਲੀ ਬੋਰਡ/ਭਾਰਤ ਜਾਂ ਕਿਸੇ ਰਾਜ ਸਰਕਾਰ ਦੀ ਸੰਸਥਾ/ਅਦਾਰੇ ਦਾ ਬਰਖਾਸਤ ਕੀਤਾ ਹੋਇਆ ਕਰਮਚਾਰੀ, ਜਾਂ ਨੈਤਿਕ ਭ੍ਰਿਸ਼ਟਾਚਾਰ/ਗਿਰਾਵਟ ਦੇ ਅਪਰਾਧ ਵੱਜੋ ਦੋਸ਼ੀ ਕਰਾਰ/ਦੰਡਿਤ ਵਿਅਕਤੀ ਨਾ ਹੋਵੇ।

## 7. ਉਮਰ ਸੀਮਾ:

ਕੋਈ ਵੀ ਅਜਿਹਾ ਵਿਅਕਤੀ ਸੇਵਾ ਅਧੀਨ ਸਿੱਧੀ ਭਰਤੀ ਰਾਹੀਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਿਸ ਦੀ ਉਮਰ ਬਿਨੈ-ਪੱਤਰ ਪੇਸ਼ ਕਰਨ ਦੀ ਆਖਰੀ ਮਿਤੀ ਤੋਂ ਤੁਰੰਤ ਪੂਰਵਵਰਤੀ ਸਾਲ ਦੀ ਪਹਿਲੀ ਜਨਵਰੀ ਨੂੰ 18 ਸਾਲ ਤੋਂ ਘੱਟ ਅਤੇ 35 ਸਾਲ ਤੋਂ ਵੱਧ ਹੋਵੇ ਜਾਂ ਜਦੋ ਤੱਕ ਉਹ ਬੋਰਡ ਵੱਲੋਂ ਸਮੇਂ ਸਮੇਂ ਸਿਰ ਵਿਸ਼ੇਸ ਤੌਰ ਤੇ ਨਿਰਧਾਰਤ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਉਮਰ ਦੀ ਹੱਦ ਦੇ ਅੰਤਰਗਤ ਨਹੀਂ ਆਉਂਦਾ।

ਪਰ ਸ਼ਰਤ ਇਹ ਹੈ ਕਿ ਨਿਯੁਕਤੀ ਅਧਿਕਾਰੀ ਹਾਲਤ/ਕਾਰਨਾਂ ਨੂੰ ਲਿਖਤੀ ਰੂਪ ਵਿਚ ਦਰਸਾਉਂਦਾ ਹੋਇਆ ਕਿਸੇ ਇਕ ਵਰਗ ਜਾਂ ਵਿਅਕਤੀਗਤ ਜਮਾਤ ਨੂੰ ਨਿਯੁਕਤੀ ਲਈ ਵੱਧ ਤੋ ਵੱਧ ਉਮਰ ਦੀ ਸੀਮਾ ਵਿਚ ਛੋਟ ਦੇ ਸਕਦਾ ਹੈ। ਇਸ ਤੋ ਬਿਨਾਂ ਹੇਠ ਲਿਖੇ ਵਰਗਾਂ ਦੇ ਉਮੀਦਵਾਰਾਂ ਨੂੰ ਨਿਯੁਕਤੀ ਲਈ ਨਿਰਧਾਰਤ ਉਮਰ ਸੀਮਾਵਾਂ ਤੋਂ ਉਪਰ ਉਮਰ ਵਿਚ ਵੱਖ-2 ਵਰਗਾਂ ਨੂੰ ਉਹਨਾਂ ਦੇ ਸਾਹਮਣੇ ਦਰਸਾਏ,ਹੇਠ ਲਿਖੇ ਅਨੁਸਾਰ ਛੋਟ ਮਿਲਣਯੋਗ ਹੋਵੇਗੀ:-

| | |
|---|---|
| ੳ) ਅਨੁਸੂਚਿਤ ਜਾਤੀਆਂ /ਜਨਜਾਤੀਆਂ/ ਪਛੜੀਆਂ ਸ਼੍ਰੇਣੀਆਂ | ਸਧਾਰਨ ਭਰਤੀ ਉਮਰ ਤੋਂ ਉਪਰ 5 ਸਾਲ |
| ਅ) ਸਾਬਕਾ ਸੈਨਿਕ/ਫੌਜੀ | ਖਾਲੀ ਆਸਾਮੀਆਂ ਤੇ ਭਰਤੀ ਲਈ ਭਾਵੇਂ ਆਸਾਮੀ ਰਾਖਵੀ ਹੋਵੇ ਜਾਂ ਨਹੀਂ, ਸਾਬਕਾ ਫੌਜੀ ਨੂੰ ਉਸ ਦੀ ਅਸਲ ਉਮਰ ਵਿਚੋਂ ਉਸ ਦੀ ਫੌਜ ਦੀ ਸੇਵਾ ਕਾਲ ਦਾ ਸਮਾਂ ਘਟਾਉਣ ਦੀ ਆਗਿਆ ਹੋਵੇਗੀ ਅਤੇ ਜੇਕਰ ਨਤੀਜੇ ਵੱਜੋਂ ਉਮਰ ਇਹੋ ਜਿਹੀ ਆਸਾਮੀ ਨੂੰ ਭਰਨ ਲਈ ਨਿਰਧਾਰਿਤ ਵੱਧ ਤੋਂ ਵੱਧ ਉਮਰ ਦੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੈ ਤਾਂ ਇਹ ਸਮਝਿਆ ਜਾਵੇ ਕਿ ਉਮੀਦਵਾਰ ਉਮਰ ਸੀਮਾ ਦੀ ਸ਼ਰਤ ਨੂੰ ਪੂਰਾ ਕਰਦਾ ਹੈ। |
| ੲ) ਸਰੀਰਿਕ ਤੌਰ ਤੇ ਵਿਕਲਾਂਗ (Handicapped ) ਵਿਅਕਤੀ | 10 ਸਾਲ |
| ਸ) ਸੈਨਿਕ ਬਲਾਂ ਤੋਂ ਰਿਹਾਅ ਹੋਏ (Released ) ਸੈਨਿਕ | ਉਮੀਦਵਾਰ ਦੀ ਫੌਜ ਵਿਚ ਭਰਤੀ / ਹਾਜ਼ਰ ਹੋਣ ਦੀ ਮਿਤੀ ਜਾਂ ਕਮਿਸ਼ਨ ਤੋਂ ਪਹਿਲਾਂ ਟਰੇਨਿੰਗ ਸ਼ੁਰੂ ਹੋਣ ਦੀ ਮਿਤੀ ਨੂੰ ਉਮਰ,ਸਬੰਧਤ ਆਸਾਮੀ ਤੇ ਸਿੱਧੀ ਭਰਤੀ ਲਈ ਨਿਰਧਾਰਤ ਉਪਰਲੀ ਸੀਮਾ ਤੋਂ ਵੱਧ ਨਾ ਹੋਵੇ। |
| ਹ) ਤੱਦ-ਅਰਥ ਕਰਮਚਾਰੀ | ਪੰਜਾਬ ਰਾਜ ਬਿਜਲੀ ਬੋਰਡ ਅਧੀਨ ਤੱਦ-ਅਰਥ ਤੌਰ ਤੇ ਕੀਤੀ ਸੇਵਾ ਵਿਚ ਜਮਾਂ 3 ਸਾਲ ਦੇ ਸਮੇਂ ਦੀ ਛੋਟ ਮਿਲਣਯੋਗ ਹੈ। |
| ਕ) (1) ਬੋਰਡ ਦੇ ਮ੍ਰਿਤਕ ਜਾਂ ਸੇਵਾ ਤੋਂ ਮੈਡੀਕਲ ਅਧਾਰ ਤੇ ਸੇਵਾ ਮੁਕਤ | ਉਮੀਦਵਾਰ ਦੀ ਉਮਰ 45 ਸਾਲ ਤੋਂ ਵੱਧ ਨਾ ਹੋਵੇ। |

| | |
|---|---|
| ਕਰਮਚਾਰੀਆਂ ਦੇ ਪਰਿਵਾਰ ਦਾ ਮੈਂਬਰ। | |
| (2) ਸੁਰੱਖਿਆ ਸੇਵਾਵਾਂ ਦੇ ਉਹਨਾਂ ਕਰਮਚਾਰੀਆਂ, ਜਿਹੜੇ ਕਿ ਲੜਾਈ ਵਿਚ ਮਾਰੇ ਗਏ ਹੋਣ ਜਾਂ ਗੰਭੀਰ ਰੂਪ ਵਿਚ ਨਕਾਰਾਂ ਅਤੇ ਮੁੜ ਨੌਕਰੀ ਲਈ ਅਯੋਗ ਹੋ ਗਏ ਹੋਣ,ਦੇ ਪਰਿਵਾਰਾਂ ਦੇ ਮੈਂਬਰਾਂ ਲਈ | -ਉਹੀ- |
| ਖ) (1) ਵਿਧਵਾ ,ਤਲਾਕਸ਼ੁਦਾ ਜਾਂ ਕਾਨੂੰਨੀ ਤੌਰ ਤੇ ਵੱਖਰੀਆਂ ਹੋਈਆਂ ਔਰਤਾਂ | ਉਮੀਦਵਾਰ ਦੀ ਉਮਰ 40 ਸਾਲ ਤੋਂ ਵੱਧ ਨਾ ਹੋਵੇ। |
| (2) ਔਰਤਾਂ, ਜਿਹਨਾਂ ਦੇ ਪਤੀਆਂ ਨੂੰ ਦੀਵਾਨੀ ਜਾਂ ਫੌਜਦਾਰੀ ਅਦਾਲਤਾਂ ਵੱਲੋਂ , ਉਹਨਾਂ ਨੂੰ ਨਿਰਧਾਹ ਭੱਤਾ ਦੇਣ ਦੇ ਹੁਕਮ ਦਿੱਤੇ ਗਏ ਹੋਣ। | ਉਮੀਦਵਾਰ ਦੀ ਉਮਰ 40 ਸਾਲ ਤੋਂ ਵੱਧ ਨਾ ਹੋਵੇ। |
| (3) ਔਰਤਾਂ ਜਿਹੜੀਆਂ ਪਤੀਆਂ ਵੱਲੋਂ ਛੱਡੀਆਂ ਹੋਣ ਕਾਰਨ , ਦੋ ਸਾਲਾਂ ਤੋ ਵੱਧ ਸਮੇਂ ਤੋਂ ਆਪਣੇ ਪਤੀਆਂ ਤੋ ਵੱਖ ਰਹਿ ਰਹੀਆਂ ਹੋਣ। | -ਉਹੀ- |
| (4) ਔਰਤਾਂ,ਜਿਹਨਾਂ ਦੇ ਪਤੀਆਂ ਨੇ ਦੁਬਾਰਾ ਵਿਆਹ ਕਰਵਾ ਲਿਆ ਹੋਵੇ ਅਤੇ | -ਉਹੀ- |
| (5) ਸੇਵਾ ਕਰ ਰਹੇ ਫੌਜੀਆਂ ਜਾਂ ਫੌਜੀ ਸੇਵਾ ਦੌਰਾਨ ਨਕਾਰਾ ਹੋਏ ਫੌਜੀਆਂ ਦੀਆਂ ਪਤਨੀਆਂ | -ਉਹੀ- |
| ਗ) ਉਹ ਉਮੀਦਵਾਰ ਜਿਹੜੇ ਲੋੜੀਂਦੀ / ਨਿਰਧਾਰਤ ਵਿਦਿਅਕ ਯੋਗਤਾ ਰੱਖਦੇ ਹੋਣ ਅਤੇ ਪਹਿਲਾਂ ਹੀ ਪੰਜਾਬ ਸਰਕਾਰ ਜਾਂ ਪੰਜਾਬ ਰਾਜ ਬਿਜਲੀ ਬੋਰਡ ਦੀ ਸੇਵਾ ਵਿੱਚ ਹੋਣ . | ਰਾਜ ਸਰਕਾਰ/ਬੋਰਡ ਵਿੱਚ ਕੀਤੀ ਗਈ ਸੇਵਾ ਦੇ ਸਮੇਂ ਦੀ ਹੱਦ ਤੱਕ ਵੱਧ ਤੋ ਵੱਧ ਨਿਰਧਾਰਿਤ ਉਮਰ ਦੀ ਹੱਦ ਵਿੱਚ ਛੋਟ ਦਿੱਤੀ ਜਾ ਸਕਦੀ ਹੈ। |

ਨੋਟ: ਵੱਖ-2 ਵਰਗਾਂ ਨੂੰ ਉਪਰੋਕਤ ਦਰਸਾਈ ਉਮਰ ਦੀ ਹੱਦ ਵਿੱਚ ਮਿਲਣਯੋਗ ਛੋਟ ਨੂੰ ਅਨੁਸੂਚਿਤ ਜਾਤੀਆਂ / ਜਨਜਾਤੀਆਂ ਦੇ ਮੈਂਬਰਾਂ ਨੂੰ ਮਿਲਣਯੋਗ ਛੋਟ ਨਾਲ ਜੋੜਿਆ ਜਾ ਸਕਦਾ ਹੈ।

8. ਸੇਵਾ ਤੇ ਨਿਯੁਕਤੀ:

ਸੇਵਾ ਵਿਚ ਨਿਯੁਕਤੀ ਹੇਠ ਲਿਖੇ ਢੰਗਾਂ ਅਨੁਸਾਰ ਕੀਤੀ ਜਾਵੇਗੀ:-

1) ਸਿੱਧੀ ਨਿਯੁਕਤੀ ਰਾਹੀਂ ਨਿਯਮ-9 ਅਧੀਨ ਦਰਸਾਏ ਅਨੁਸਾਰ
2) ਤਰੱਕੀ ਰਾਹੀਂ ਨਿਯਮ-9 ਅਧੀਨ ਦਰਸਾਏ ਅਨੁਸਾਰ।
3) ਕਿਸੇ ਵੀ ਕਰਮਚਾਰੀ ਦੀ ਬਦਲੀ ਰਾਹੀਂ ਜਿਹੜਾ ਕਿ ਪਹਿਲਾ ਕਿਸੇ ਰਾਜ ਬਿਜਲੀ ਬੋਰਡ ਜਾਂ ਸਰਕਾਰ ਦੀ ਕਿਸੇ ਹੋਰ ਸੰਸਥਾ (Undertaking ) ਦੀ ਸੇਵਾ ਵਿੱਚ ਹੋਵੇ। ਬਸ਼ਰਤੇ ਕਿ ਉਪਰੋਕਤ ਦੋਹਾਂ ਢੰਗਾਂ ਰਾਹੀਂ ਯੋਗ ਉਮੀਦਵਾਰ ਨਾ ਮਿਲਣਯੋਗ ਹੋਣ।

9. ਯੋਗਤਾਵਾਂ ਅਤੇ ਨਿਯੁਕਤੀ ਦਾ ਢੰਗ:-

ਸੇਵਾ ਅਧੀਨ ਵੱਖ-2 ਵਰਗਾਂ ਦੀਆਂ ਆਸਾਮੀਆਂ ਤੇ ਨਿਯੁਕਤੀ ਦਾ ਢੰਗ ਅਤੇ ਲੋੜੀਂਦੀ ਘੱਟੋ-ਘੱਟ ਵਿਦਿਅਕ ਅਤੇ ਹੋਰ ਯੋਗਤਾਵਾਂ ਅਤੇ ਤਜਰਬਾ ਨਿਮਨ ਲਿਖਤ ਅਨੁਸਾਰ ਹੋਵੇਗਾ:-

| ਲੜੀ ਨੰ: | ਆਸਾਮੀ ਦਾ ਨਾਂ | ਨਿਯੁਕਤੀ ਦੀ ਵਿਧੀ | ਘੱਟੋ-ਘੱਟ ਵਿਦਿਅਕ ਅਤੇ ਹੋਰ ਯੋਗਤਾਵਾਂ | ਤਜਰਬਾ | ਵਿਸ਼ੇਸ਼ ਕਥਨ |
|---|---|---|---|---|---|
| 1 | 2 | 3 | 4 | 5 | 6 |
| 1 | ਸੀ.ਐਚ.ਡੀ. | ਡੀ.ਐਚ.ਡੀ. ਦੀ ਆਸਾਮੀ ਤੋਂ ਤਰੱਕੀ ਰਾਹੀਂ | ਸੀਨੀਆਰਤਾ ਦੇ ਆਧਾਰ ਤੇ | 5 ਸਾਲ | – |
| 2. | ਡੀ.ਐਚ.ਡੀ. | ਡੀ.ਐਮ. ਦੀ ਆਸਾਮੀ ਤੋਂ ਤਰੱਕੀ ਰਾਹੀਂ | ਸੀਨੀਆਰਤਾ ਦੇ ਆਧਾਰ ਤੇ | 5 ਸਾਲ | – |
| 3. | ਡੀ.ਐਮ. | ਜੇ.ਡੀ.ਐਮ. ਦੀ ਆਸਾਮੀ ਤੋਂ ਤਰੱਕੀ ਰਾਹੀਂ | ਸੀਨੀਆਰਤਾ ਦੇ ਆਧਾਰ ਤੇ | 12 ਸਾਲ | -- |
| 4. | ਜੇ.ਡੀ.ਐਮ. | ਸਿੱਧੀ ਭਰਤੀ ਰਾਹੀਂ ਬੋਰਡ ਦੀ ਸਟਾਫ ਸਲੈਕਸ਼ਨ ਕੋਮਟੀ ਰਾਹੀਂ ਕੀਤੀ ਜਾਂਦੀ ਹੈ। | 1. ਮੈਟਰੀਕੁਲੇਸ਼ਨ ਨਾਲ ਮੈਟ੍ਰਿਕ ਪੱਧਰ ਦੀ ਪੰਜਾਬੀ ਪਾਸ। 2. ਡਿਪਲੋਮਾ / ਸਰਟੀਫਿਕੇਟ ਇੰਨ ਡਰਾਫਟਸ-ਮੈਨਸ਼ਿਪ | -- | -- |

ਨੋਟ: ਦਫਤਰੀ ਹੁਕਮ ਨੰ: 32/ਆਰ:ਈ:ਜੀ-5 ਮਿਤੀ 4/8/97 ਰਾਹੀਂ ਡਰਾਇੰਗ ਅਮਲੇ ਦੀਆਂ

10. ਛੋਟ:

ੳ) ਮੈਂਬਰ ਇੰਨਚਾਰਜ ਜੇ ਚਾਹੇ ਤਾਂ, ਸੇਵਾ ਦੇ ਕਿਸੇ ਵੀ ਮੈਂਬਰ ਨੂੰ ਇੰਜੀਨੀਅਰਿੰਗ ਮਾਤਹਿਤ ਕਰਮਚਾਰੀਆਂ ਲਈ ਨਿਰਧਾਰਤ ਵਿਭਾਗੀ ਲੇਖਾ ਪ੍ਰੀਖਿਆ ਪਾਸ ਕਰਨ ਤੋਂ ਛੋਟ ਦੇ ਸਕਦਾ ਹੈ। ਛੋਟ ਦੀ ਪ੍ਰਵਾਨਗੀ ਦੇ ਮਾਮਲੇ ਬਹੁਤ ਹੀ ਕਠਿਨ ਸਥਿਤੀਆਂ ਵਿਚ ਹੇਠ ਲਿਖੀਆਂ ਸ਼ਰਤਾਂ / ਹਾਲਤਾਂ ਨੂੰ ਮੁੱਖ ਰੱਖ ਕੇ ਵਿਚਾਰੇ ਜਾਣਗੇ:-

1) ਬੇਨਤੀ ਕਰਨ ਵਾਲਾ ਕਰਮਚਾਰੀ 50 ਸਾਲ ਦੀ ਉਮਰ ਪੂਰੀ ਕਰ ਚੁੱਕਾ ਹੋਵੇ।
2) ਕਰਮਚਾਰੀ ਦਾ ਰਿਕਾਰਡ ਲਗਾਤਾਰ ਚੰਗਾ ਅਤੇ ਬੇਦਾਗ ਹੋਵੇ।
3) ਕਰਮਚਾਰੀ ਪ੍ਰੀਖਿਆ ਪਾਸ ਕਰਨ ਲਈ ਘੱਟੋ-ਘੱਟ ਛੇ (6) ਵਾਰ ਪ੍ਰੀਖਿਆ ਵਿਚ ਬੈਠ ਚੁਕਾ ਹੋਵੇ।

ਅ) ਜੇਕਰ ਕਰਮਚਾਰੀ ਨੂੰ ਇਕ ਵਾਰੀ ਪ੍ਰੀਖਿਆ ਤੋ ਛੋਟ ਮਿਲ ਜਾਵੇ ਤਾਂ ਉਸ ਨੂੰ ਅਗਲੀ ਤਰੱਕੀ ਲਈ ਅਯੋਗ ਨਹੀਂ ਮੰਨਿਆ ਜਾਵੇਗਾ।

11. ਸਿੱਧੀ ਭਰਤੀ ਲਈ ਚੋਣ ਦਾ ਢੰਗ:

1) ਸੇਵਾ ਅਧੀਨ ਆਸਾਮੀਆਂ ਨੂੰ ਸਿੱਧੀ ਨਿਯੁਕਤੀ ਰਾਹੀਂ ਭਰਨ ਲਈ ਪ੍ਰੈਸ ਵਿਚ ਇਸ਼ਤਿਹਾਰ ਦੇ ਕੇ ਅਰਜ਼ੀਆਂ ਮੰਗੀਆਂ ਜਾਣਗੀਆਂ।

2) ਸੇਵਾ ਅਧੀਨ ਸਿੱਧੀਆਂ ਨਿਯੁਕਤੀਆਂ ਬੋਰਡ ਵੱਲੋ ਇਸ ਮੰਤਵ ਲਈ ਬਣਾਈ ਗਈ ਅਮਲਾ ਚੋਣ ਕਮੇਟੀ ਦੁਆਰਾ ਸਮਰੱਥ ਅਧਿਕਾਰੀਆਂ ਵੱਲੋ ਸਮੇਂ ਸਮੇਂ ਸਿਰ ਨਿਰਧਾਰਿਤ ਟੈਸਟ ਅਤੇ / ਜਾਂ ਇੰਟਰਵਿਊ ਲੈਣ ਉਪਰੰਤ ਕੀਤੀਆਂ ਜਾਣਗੀਆਂ।

12. ਸੇਵਾ ਅਧੀਨ ਨਿਯੁਕਤ ਵਿਅਕਤੀਆਂ ਦੀ ਅਜ਼ਮਾਇਸ਼/ਪਰਖ:

1) ਸੇਵਾ ਅਧੀਨ ਜੋ ਵਿਅਕਤੀ ਸਿੱਧੀ ਨਿਯੁਕਤੀ ਰਾਹੀਂ ਨਿਯੁਕਤ ਕੀਤਾ ਜਾਵੇਗਾ,ਉਸ ਵਿਅਕਤੀ ਦਾ ਪਹਿਲੇ ਦੋ ਸਾਲ ਦੀ ਸੇਵਾ ਦਾ ਸਮਾਂ ਅਜ਼ਮਾਇਸ਼ੀ ਕਾਲ ਹੋਵੇਗਾ। ਜਿਹੜਾ ਵਿਅਕਤੀ ਸਿੱਧੀ ਨਿਯੁਕਤੀ ਤੋਂ ਬਗੈਰ ਹੋਰ ਕਿਸੇ ਢੰਗ ਰਾਹੀਂ ਸੇਵਾ ਅਧੀਨ ਨਿਯੁਕਤ ਕੀਤਾ ਜਾਂਦਾ ਹੈ ਤਾਂ ਉਸ ਦਾ ਅਜ਼ਮਾਇਸ਼ੀ ਕਾਲ ਇਕ ਸਾਲ ਹੋਵੇਗਾ,ਪਰ ਸ਼ਰਤ ਇਹ ਹੈ ਕਿ :-

ੳ) ਅਜਿਹੀ ਨਿਯੁਕਤੀ ਤੋਂ ਬਾਅਦ ਕੋਈ ਵੀ ਸਮਾਂ, ਜੋ ਕਿ ਬਰਾਬਰ ਜਾਂ ਉਚੇਰੀ ਆਸਾਮੀ ਤੇ ਪ੍ਰਤੀ-ਨਿਯੁਕਤੀ ਦੇ ਤੌਰ ਤੇ ਬਿਤਾਇਆ ਹੋਵੇਗਾ,ਅਜ਼ਮਾਇਸ਼ੀ ਕਾਲ ਵਿਚ ਗਿਣਿਆ ਜਾਵੇਗਾ।

ਅ) ਜੇਕਰ ਨਿਯੁਕਤੀ ਬਦਲੀ ਰਾਹੀਂ ਕੀਤੀ ਜਾਂਦੀ ਹੈ ਤਾਂ ਸੇਵਾ ਅਧੀਨ ਨਿਯੁਕਤੀ ਤੋਂ ਪਹਿਲਾਂ ਦਾ ਸਮਾਂ,ਜਿਹੜਾ ਬਰਾਬਰ ਜਾਂ ਉਚੇਰੀ ਆਸਾਮੀ ਤੇ ਕੰਮ ਕਰਦੇ ਹੋਏ ਬਿਤਾਇਆ ਗਿਆ ਹੋਵੇ,ਜੇ ਨਿਯੁਕਤੀ ਅਧਿਕਾਰੀ ਦੀ ਮਰਜ਼ੀ ਹੋਵੇ ਤਾਂ ਉਹ ਸਮਾਂ ਅਜ਼ਮਾਇਸ਼ੀ ਕਾਲ ਵਿਚ ਗਿਣਨ ਦੀ ਆਗਿਆ ਦਿੱਤੀ ਜਾ ਸਕਦੀ ਹੈ, ਅਤੇ

ੲ) ਅਜਿਹਾ ਸਮਾਂ,ਜਿਹੜਾ ਕਿ ਸੇਵਾ ਅਧੀਨ ਕਿਸੇ ਕਾਇਮ-ਮੁਕਾਮ ਆਸਾਮੀ ਤੇ ਕੰਮ ਕਰਦੇ ਹੋਏ ਬਿਤਾਇਆ ਗਿਆ ਹੋਵੇ, ਅਜ਼ਮਾਇਸ਼ੀ ਕਾਲ ਵਿਚ ਗਿਣਿਆ ਜਾਵੇਗਾ। ਪਰ ਕੋਈ ਵੀ ਵਿਅਕਤੀ ਜਿਹੜਾ ਇਸ ਤਰ੍ਹਾਂ ਕਾਇਮ-ਮੁਕਾਮ ਆਸਾਮੀ ਤੇ ਕੰਮ ਕਰਦਾ ਰਿਹਾ ਹੋਵੇ, ਨਿਰਧਾਰਿਤ ਅਜ਼ਮਾਇਸ਼ੀ ਕਾਲ ਪੂਰਾ ਹੋਣ ਉਪਰੰਤ ਸੇਵਾ ਅਧੀਨ ਪੱਕੇ ਹੋਣ ਦਾ ਉਦੋਂ ਤੱਕ ਹੱਕਦਾਰ ਨਹੀਂ ਹੋਵੇਗਾ,ਜਦੋ ਤੱਕ ਕੀ ਸੇਵਾ ਅਧੀਨ ਉਸ ਦੀ ਨਿਯੁਕਤੀ ਕਿਸੇ ਪੱਕੀ ਆਸਾਮੀ ਵਿਰੁੱਧ ਨਹੀਂ ਹੋ ਜਾਂਦੀ।

2) ਜੇਕਰ ਨਿਯੁਕਤੀ ਅਧਿਕਾਰੀ ਦੀ ਰਾਏ ਅਨੁਸਾਰ, ਅਜ਼ਮਾਇਸ਼ੀ ਕਾਲ ਦੌਰਾਨ ਵਿਅਕਤੀ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਨਾ ਰਿਹਾ ਹੋਵੇ ਤਾਂ ਨਿਯੁਕਤੀ ਅਧਿਕਾਰੀ:-

ੳ) ਜੇਕਰ ਅਜਿਹਾ ਵਿਅਕਤੀ ਸਿੱਧੀ ਨਿਯੁਕਤੀ ਰਾਹੀਂ ਭਰਤੀ ਕੀਤਾ ਗਿਆ ਹੋਵੇ ਤਾਂ ਉਸ ਦੀਆਂ ਸੇਵਾਵਾਂ ਖਤਮ ਕਰ ਸਕਦਾ ਹੈ ਅਤੇ

ਅ)ਜੇਕਰ ਅਜਿਹਾ ਵਿਅਕਤੀ ਕਿਸੇ ਹੋਰ ਢੰਗ ਨਾਲ ਨਿਯੁਕਤ ਕੀਤਾ ਗਿਆ ਹੋਵੇ ਤਾਂ :-

1) ਉਸ ਨੂੰ ਉਸ ਦੇ ਪੂਰਵ ਅਹੁਦੇ ਤੇ ਪਰਤਾ ਸਕਦਾ ਹੈ,ਜਾਂ
2) ਅਜਿਹੇ ਢੰਗ ਨਾਲ ਨਿਪਟਾ ਸਕਦਾ ਹੈ, ਜਿਸ ਦੀ ਵਿਅਕਤੀ ਦੀ ਪੂਰਵ ਨਿਯੁਕਤੀ ਦੀਆਂ ਸ਼ਰਤਾਂ ਅਤੇ ਨਿਯਮ ਆਗਿਆ ਦਿੰਦੇ ਹੋਣ।
3) ਕਿਸੇ ਵਿਅਕਤੀ ਦੇ ਅਜ਼ਮਾਇਸ਼ੀ ਕਾਲ ਪੂਰਾ ਹੋ ਜਾਣ ਤੇ ਨਿਯੁਕਤੀ ਅਧਿਕਾਰੀ :-

ੳ) ਜੇਕਰ ਉਸ ਦੀ ਰਾਏ ਹੋਵੇ ਕਿ ਵਿਅਕਤੀ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਰਿਹਾ ਹੈ ਤਾਂ:-

1) ਅਜਿਹੇ ਵਿਅਕਤੀ ਨੂੰ ਉਸ ਦੀ ਨਿਯੁਕਤੀ ਦੀ ਮਿਤੀ ਤੋਂ ਪੱਕਾ ਕਰ ਸਕਦਾ ਹੈ, ਜੇਕਰ ਉਸ ਦੀ ਨਿਯੁਕਤੀ ਕਿਸੇ ਪੱਕੀ ਖਾਲੀ ਆਸਾਮੀ ਵਿਰੁੱਧ ਕੀਤੀ ਗਈ ਹੋਵੇ ਜਾਂ
2) ਜੇਕਰ ਨਿਯੁਕਤੀ ਕਿਸੇ ਕੱਚੀ ਆਸਾਮੀ ਵਿਰੁੱਧ ਕੀਤੀ ਗਈ ਹੋਵੇਂ , ਤਾਂ ਜਿਸ ਮਿਤੀ ਨੂੰ ਪੱਕੀ ਆਸਾਮੀ ਖਾਲੀ ਹੋਵੇ, ਉਸ ਮਿਤੀ ਤੋਂ ਵਿਅਕਤੀ ਨੂੰ ਪੱਕਾ ਕਰ ਸਕਦਾ ਹੈ, ਜਾਂ
3) ਜੇਕਰ ਕੋਈ ਪੱਕੀ ਆਸਾਮੀ ਖਾਲੀ ਨਾ ਹੋਵੇ ਤਾਂ ਇਹ ਘੋਸ਼ਿਤ / ਧਿਆਨ ਕਰ ਸਕਦਾ ਹੈ ਕਿ ਵਿਅਕਤੀ ਨੇ ਆਪਣਾ ਅਜ਼ਮਾਇਸ਼ੀ ਸਮਾਂ ਸੰਤੋਸ਼ਜਨਕ ਢੰਗ ਨਾਲ ਪੂਰਾ ਕਰ ਲਿਆ ਹੈ।

ਅ) ਜੇਕਰ ਉਸ ਦੀ ਰਾਏ ਹੋਵੇ ਕਿ ਵਿਅਕਤੀ ਦਾ ਕੰਮ ਅਤੇ ਆਚਰਣ ਤਸੱਲੀਬਖਸ ਨਹੀਂ ਰਿਹਾ ਹੈ ਤਾਂ :-

1) ਉਸ ਦੀਆਂ ਸੇਵਾਵਾਂ ਖਤਮ ਕਰ ਸਕਦਾ ਹੈ, ਜੇਕਰ ਉਸ ਦੀ ਨਿਯੁਕਤੀ ਸਿੱਧੀ ਭਰਤੀ ਰਾਹੀਂ ਕੀਤੀ ਗਈ ਹੋਵੇ, ਜਾਂ ਜੇਕਰ ਉਸ ਦੀ ਨਿਯੁਕਤੀ ਸਿੱਧੀ ਭਰਤੀ ਤੋਂ ਬਿਨਾਂ ਕਿਸੇ ਹੋਰ ਢੰਗ ਨਾਲ ਕੀਤੀ ਗਈ ਹੋਵੇ ਤਾਂ ਉਸ ਨੂੰ ਉਸ ਦੇ ਪੂਰਵ ਅਹੁਦੇ ਤੇ ਪਰਤਾ (ਰਿਵਰਟ ਕਰ) ਸਕਦਾ ਹੈ ਜਾਂ ਅਜਿਹੇ ਦੂਜੇ ਢੰਗ ਨਾਲ ਨਿਪਟਾਰਾ ਕਰ ਸਕਦਾ ਹੈ ਜਿਸ ਦੀ , ਵਿਅਕਤੀ ਦੀ ਪੂਰਵ ਨਿਯੁਕਤੀ ਦੀਆਂ ਸ਼ਰਤਾਂ ਅਤੇ ਨਿਯਮ ਆਗਿਆ ਦਿੰਦੇ ਹੋਣ ਜਾਂ
2) ਉਸ ਦੇ ਅਜ਼ਮਾਇਸ਼ੀ ਕਾਲ ਵਿਚ ਵਾਧਾ ਕਰ ਸਕਦਾ ਹੈ,ਅਤੇ ਉਸ ਉਪਰੰਤ ਅਜਿਹੇ ਹੁਕਮ ਜਾਰੀ ਕਰ ਸਕਦਾ ਹੈ ਜਿਵੇਂ ਕਿ ਉਸ ਦੇ ਪਹਿਲੇ ਅਜ਼ਮਾਇਸ਼ੀ ਕਾਲ ਦੀ ਸਮਾਪਤੀ ਤੇ ਕੀਤੇ ਜਾਣੇ ਸਨ।

ਪਰ ਸ਼ਰਤ ਇਹ ਹੈ ਕਿ ਅਜ਼ਮਾਇਸ਼ੀ ਕਾਲ ਦਾ ਕੁਲ ਸਮਾਂ ਜੇਕਰ ਕੋਈ ਹੋਵੇ, ਚਾਰ (4) ਸਾਲ ਤੋਂ ਵੱਧ ਨਹੀਂ ਹੋਣਾ ਚਾਹੀਦਾ।

## 13. ਸੀਨੀਆਰਤਾ:

ਸੇਵਾ ਦੇ ਮੈਂਬਰ ਦੀ ਸੇਵਾ ਅਧੀਨ ਕਿਸੇ ਵਿਸ਼ੇਸ਼ ਦਰਜੇ/ਸ਼੍ਰੇਣੀ ਦੀ ਆਸਾਮੀ ਤੇ ਪਰਸਪਰ ਸੀਨੀਆਰਤਾ ਉਸ ਦੀ ਉਸ ਦਰਜੇ ਅਧੀਨ ਨਿਰੰਤਰ ਨਿਯੁਕਤੀ ਤੋਂ ਨਿਰਧਾਰਤ ਕੀਤੀ ਜਾਵੇਗੀ।

ਪਰ ਪਹਿਲੀ ਸ਼ਰਤ ਇਹ ਹੈ ਕਿ ਜੇ ਕਰ ਸੇਵਾ ਦਾ ਮੈਂਬਰ ਸਿੱਧੀ ਨਿਯੁਕਤੀ ਰਾਹੀਂ ਨਿਯੁਕਤ ਕੀਤਾ ਗਿਆ ਹੋਵੇ ਤਾਂ ਉਸ ਵਰਗ ਦੀ ਆਸਾਮੀ ਤੇ ਨਿਯੁਕਤੀ ਲਈ ਚੋਣ ਸਮੇਂ ਬਣਾਈ ਗਈ ਯੋਗਤਾ ਕ੍ਰਮ ਸੂਚੀ, ਜਿਥੋਂ ਤੱਕ ਕਿਸੇ ਵਿਸ਼ੇਸ਼ ਵਰਗ ਦੀ ਆਸਾਮੀ ਤੇ ਸਿੱਧੀ ਨਿਯੁਕਤੀ ਦੀ ਸੀਨੀਆਰਤਾ ਸੂਚੀ ਦਾ ਸਬੰਧ ਹੈ, ਵਿਚ ਵਿਘਨ ਨਹੀਂ ਪਾਇਆ ਜਾਵੇਗਾ ਅਤੇ ਜਿਹੜੇ ਵਿਅਕਤੀ ਕਿਸੇ ਪੂਰਵ ਚੋਣ ਦੇ ਨਤੀਜੇ ਵੱਜੋਂ ਨਿਯੁਕਤ ਕੀਤੇ ਜਾਣਗੇ ਉਹ ਉਹਨਾਂ ਤੋਂ ਸੀਨੀਅਰ ਹੋਣਗੇ। ਜਿਹੜੇ ਬਾਅਦ ਵਿਚ ਹੋਈ ਚੋਣ ਦੇ ਨਤੀਜੇ ਵੱਜੋਂ ਨਿਯੁਕਤ ਕੀਤੇ ਜਾਣਗੇ।ਪ੍ਰੰਤੂ ਸਿੱਧੀ ਭਰਤੀ ਦੁਆਰਾ ਨਿਯੁਕਤ ਕੀਤਾ ਸੇਵਾ ਦਾ ਮੈਂਬਰ, ਜਿਸ ਦਾ ਅਜ਼ਮਾਇਸ਼ੀ ਸਮਾਂ ਵਧਾ ਦਿੱਤਾ ਜਾਂਦਾ ਹੈ, ਚੋਣ ਸਮੇਂ ਤੇ ਮੈਰਿਟ ਸਥਿਤੀ ਦੇ ਆਧਾਰ ਉਤੇ ਸੀਨੀਆਰਤਾ ਦਾ ਹੱਕਦਾਰ ਨਹੀਂ ਹੋਵੇਗਾ ਅਤੇ ਇਸ ਦੀ ਸੀਨੀਆਰਤਾ ਇਥੇ ਨਿਮਨ ਨੋਟ-2 ਅਨੁਸਾਰ ਨਿਯੁਕਤੀ ਦੀ ਉਸ ਦੀ ਗਿਣੀ ਗਈ ਮਿਤੀ ( ਡੀਮ ਡੇਟ) ਦੇ ਆਧਾਰ ਉਤੇ ਨਿਸ਼ਚਿਤ ਕੀਤੀ ਜਾਵੇਗੀ।

ਦੂਸਰੇ ਜੇਕਰ ਦੋ ਜਾਂ ਵੱਧ ਮੈਂਬਰ ਇਕੋ ਹੀ ਮਿਤੀ ਨੂੰ ਨਿਯੁਕਤ ਕੀਤੇ ਜਾਂਦੇ ਹਨ ਤਾਂ ਉਹਨਾਂ ਦੀ ਸੀਨੀਆਰਤਾ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ:-

ੳ) ਉਹਨਾਂ ਦੀ ਸੇਵਾ ਅਧੀਨ ਨਿਯੁਕਤੀ ਦੀ ਮਿਤੀ ਨੂੰ ਉਹਨਾਂ ਦੀ ਮਿਲਣ ਵਾਲੀਆਂ ਤਨਖਾਹਾਂ ਦੇ ਕ੍ਰਮ ਅਨੁਸਾਰ, ਵੱਧ ਤਨਖਾਹ ਲੈਣ ਵਾਲਾ ਘੱਟ ਤਨਖਾਹ ਲੈਣ ਵਾਲੇ ਤੋਂ ਸੀਨੀਆਰਤਾ ਵਿੱਚ ਉਪਰ ਹੋਵੇਗਾ ਅਤੇ

ਜੇਕਰ ਨਿਯੁਕਤੀ ਦੀ ਮਿਤੀ ਅਤੇ ਤਨਖਾਹ ਦੋਵੇ ਇਕੋ ਜਿਹੇ ਹੋਣ ਤਾਂ ਉਮਰ ਦੇ ਕ੍ਰਮ ਅਨੁਸਾਰ ਉਮਰ ਵਿਚ ਵੱਡਾ ਛੋਟੇ ਨਾਲੋਂ ਸੀਨੀਆਰਤਾ ਵਿਚ ਉਪਰ ਹੋਵੇਗਾ।

ਅ) ਜੇਕਰ ਸੇਵਾ ਦੇ ਮੈਂਬਰ ਤਰੱਕੀ ਰਾਹੀਂ ਨਿਯੁਕਤ ਕੀਤੇ ਗਏ ਹੋਣ, ਤਾਂ ਉਹਨਾਂ ਦੀ ਸੀਨੀਆਰਤਾ ਉਹਨਾਂ ਦੇ ਨੀਵੇਂ ਵਰਗ,ਜਿਸ ਤੋਂ ਉਹ ਤਰੱਕੀ ਪਾ ਕੇ ਆਏ ਹੋਣ, ਦੀ ਸਬੰਧਤ ਪਰਪਰ ਸੀਨੀਆਰਤਾ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ, ਪਰ ਇਹ ਉਦੋਂ ਤੱਕ ਹੀ ਲਾਗੂ ਹੋਵੇਗਾ ਜਦੋਂ ਤੱਕ ਨੀਵੇ ਵਰਗ ਦਾ ਕੋਈ ਮੈਂਬਰ ਉਸ ਵਰਗ ਵਿੱਚ ਉਸ ਦੇ ਸੀਨੀਅਰ ਮੈਂਬਰ ਤੋਂ ਪਹਿਲਾਂ ਤਰੱਕੀ ਨਾ ਲੈ ਗਿਆ ਹੋਵੇ ਅਤੇ ਪਿਛਲੇਰਾ ਮੈਂਬਰ ਅਸੰਤੋਸ਼ਜਨਕ ( Unsuitability ) ਜਾਂ ਅਯੋਗਤਾ ( Ineligibility ) ਦੇ ਆਧਾਰ ਤੇ ਤਰੱਕੀ ਤੋ ਵਾਂਝਾ ਰਹਿ ਗਿਆ ਹੋਵੇ, ਅਜਿਹੇ ਕੇਸ ਵਿਚ ਹੇਠਲੇ ਵਰਗ ਦਾ ਉਹ ਮੈਂਬਰ ਜੋ ਪਹਿਲਾਂ ਤਰੱਕੀ ਪਾ ਗਿਆ ਹੋਵੇ, ਉਚੇਰੇ ਵਰਗ ਵਿਚ ਹੇਠਲੇ ਵਰਗ ਦੇ ਅਜਿਹੇ ਮੈਂਬਰ ਤੋਂ ਜਦੋਂ ਪਿਛਲੇਰਾ ਤਰੱਕੀ ਪਾਵੇਗਾ, ਉਪਰ ਸੀਨੀਆਰਤਾ ਦਾ ਹੱਕਦਾਰ ਹੋਵੇਗਾ।

ਤੀਸਰੇ, ਸੇਵਾ ਦਾ ਉਹ ਮੈਂਬਰ ਜੋ ਸਿੱਧੀ ਨਿਯੁਕਤੀ ਰਾਹੀਂ ਨਿਯੁਕਤ ਕੀਤਾ ਜਾਂਦਾ ਹੈ, ਤਰੱਕੀ ਰਾਹੀਂ ਨਿਯੁਕਤ ਕੀਤੇ ਮੈਂਬਰ ਤੋਂ ਸੀਨੀਅਰ ਹੋਵੇਗਾ।

ਚੌਥੇ,ਅਜਿਹੇ ਸੇਵਾ ਦਾ ਮੈਂਬਰ ਜੋ ਬਦਲੀ ਰਾਹੀਂ ਨਿਯੁਕਤ ਕੀਤਾ ਗਿਆ ਹੋਵੇ, ਦੀ ਸੀਨੀਅਰਤਾ ਉਸ ਦੇ ਕੇਸ ਦੀ ਮੈਰਿਟ/ਯੋਗਤਾ ਦੇ ਆਧਾਰ ਤੇ ਨਿਰਧਾਰਿਤ ਕੀਤੀ ਜਾਵੇਗੀ।

ਪੰਜਵੇਂ, ਜੇਕਰ ਕੋਈ ਸੇਵਾ ਦਾ ਮੈਂਬਰ ਆਪਣੇ ਸੀਨੀਅਰ ਮੈਂਬਰ ਤੋਂ ਉਸਦੀ ਤਰੱਕੀ ਲਈ ਅਯੋਗਤਾ ਜਾਂ ਅਸੰਤੋਸ਼ਜਨਕਤਾ (Inefficiency ) ਦੇ ਕਾਰਨਾਂ ਤੋਂ ਬਿਨਾਂ ਹੋਰ ਕਿਸੇ ਕਾਰਨ, ਪਹਿਲਾਂ ਕਿਸੇ ਆਸਾਮੀ ਤੇ ਆਰਜ਼ੀ ਤਰੱਕੀ ਪਾ ਜਾਂਦਾ ਹੈ ਤਾਂ ਉਹਨਾ ਦੀ ਪਰਸਪਰ ਸੀਨੀਆਰਤਾ ਉਸ ਹੇਠਲੇ ਵਰਗ,ਜਿਸ ਤੋਂ ਉਹ ਤਰੱਕੀ ਪਾਉਂਦੇ ਹਨ, ਵਿਚ ਆਪਸੀ ਸੀਨੀਆਰਤਾ ਦੇ ਅਨੁਸਾਰ ਹੀ ਨਿਰਧਾਰਿਤ ਕੀਤੀ ਜਾਵੇਗੀ।

ਛੇਵੇਂ,ਜੇਕਰ ਵੱਖ-2 ਕੇਡਰਾਂ ਤੋਂ ਦੋ ਜਾ ਵੱਧ ਮੈਂਬਰ ਤਰੱਕੀ ਲਈ ਯੋਗ ਹੋਣ ਤਾਂ ਤਰੱਕੀ ਲਈ ਵਿਚਾਰਨ ਸਮੇਂ ਉਹਨਾਂ ਦੀ ਸੀਨੀਆਰਤਾ ਹੇਠ ਦਰਸਾਏ ਅਨੁਸਾਰ ਨਿਰਧਾਰਿਤ ਕੀਤੀ ਜਾਵੇਗੀ:-

ੳ) ਉਹ ਜਿਹੜੇ ਉਚੇਰੇ ਅਹੁਦੇ ਤੇ ਕੰਮ ਕਰ ਰਹੇ ਹੋਣਗੇ,ਉਹ ਨੀਵੇਂ ਅਹੁਦੇ ਤੇ ਕੰਮ ਕਰ ਰਹੇ ਮੈਂਬਰ ਤੋਂ ਸੀਨੀਅਰ ਹੋਣਗੇ।

ਅ) ਜੇਕਰ ਵੱਖ-2 ਵਿਅਕਤੀ ਸਮਰੂਪ ਤਨਖਾਹ ਦੇ ਸਕੇਲ ਵਿਚ ਨਿਯੁਕਤ ਹੋਣ ਪਰ ਵੱਖ-2 ਵਰਗਾਂ ਨਾਲ ਸਬੰਧ ਰੱਖਦੇ ਹੋਣ ਤਾਂ ਓਹਨਾਂ ਦੀ ਸਮਰੂਪ ਤਨਖਾਹ ਦੇ ਸਕੇਲ ਵਿਚ ਲਗਾਤਾਰ ਸੇਵਾ ਕਾਲ ਦੇ ਕ੍ਰਮ ਅਨੁਸਾਰ ਸੀਨੀਆਰਤਾ ਨਿਰਧਾਰਿਤ ਕੀਤੀ ਜਾਵੇਗੀ,ਅਤੇ ਜੇਕਰ ਉਹਨਾਂ ਦੀ ਨਿਯੁਕਤੀ ਦੀ ਮਿਤੀ ਇਕੋ ਹੀ ਹੋਵੇ ਤਾਂ ਉਮਰ ਦੇ ਆਧਾਰ ਤੇ , ਵੱਡੇ ਦੀ ਛੋਟੇ ਨਾਲੋਂ ਉਪਰ ਸੀਨੀਆਰਤਾ ਨਿਯਤ ਕੀਤੀ ਜਾਵੇਗੀ।

ੲ) ਜੇਕਰ ਵਿਅਕਤੀ ਇਕੋ ਹੀ ਕੇਡਰ ਵਿਚ ਕੰਮ ਕਰਦੇ ਹੋਣ ਤਾਂ ਉਹਨਾਂ ਦੀ ਸੀਨੀਆਰਤਾ ਉਹਨਾਂ ਦੇ ਉਸ ਅਹੁੱਦੇ,ਜਿਸ ਤੋਂ ਉਹ ਤਰੱਕੀ ਪਾਉਂਦੇ ਹਨ,ਵਿਚ ਸਬੰਧਤ ਆਪਸੀ ਸੀਨੀਆਰਤਾ ਦੇ ਕ੍ਰਮ ਅਨੁਸਾਰ ਨਿਯਤ ਕੀਤੀ ਜਾਵੇਗੀ।

ਨੋਟ: 1) ਉਹਨਾਂ ਮੈਂਬਰਾਂ ਦੀ , ਜੋ ਕਿ ਨਿਰੋਲ ਆਰਜ਼ੀ ਤੌਰ ਤੇ ਨਿਯੁਕਤ ਕੀਤੇ ਜਾਂਦੇ ਹਨ, ਸੀਨੀਆਰਤਾ ਉਹਨਾਂ ਦੀ ਨਿਯਮਤ/ਸਥਾਈ ਰੂਪ ਵਿਚ ਨਿਯੁਕਤੀ ਹੋਣ ਤੇ, ਨਿਯਮਤ ਦੀ ਮਿਤੀ ਨੂੰ ਧਿਆਨ ਵਿਚ ਰੱਖਦੇ ਹੋਇਆ ਕੀਤੀ ਜਾਵੇਗੀ।

2) ਜੇਕਰ ਸੇਵਾ ਦਾ ਕੋਈ ਮੈਂਬਰ ਅਜ਼ਮਾਈਸ ਦੇ ਨਿਰਧਾਰਿਤ ਸਮੇਂ ਦੇ ਅੰਦਰ-2 ਨਿਰੰਤਰ ਨਿਯੁਕਤੀ ਲਈ ਆਪਣੇ ਆਪ ਨੂੰ ਕੁਆਲੀਫਾਈ ਨਹੀਂ ਕਰਦਾ ਤਾਂ ਨਿਯੁਕਤੀ ਅਧਿਕਾਰੀ ਇਹ ਨਿਰਧਾਰਿਤ ਕਰੇਗਾ ਕਿ ਕੀ ਇਸ ਨਿਯਮ ਦੇ ਮੰਤਵ ਲਈ ਉਸ ਦੀ ਨਿਯੁਕਤੀ ਦੀ ਮਿਤੀ ਉਸ ਸਮੇਂ ਤੱਕ ਸਥੱਗਤ ਕੀਤੀ ਜਾਵੇਗੀ ਜੋ ਉਸ ਸਮੇ ਤੋ ਵੱਧ ਨਹੀਂ ਹੋਵੇਗੀ। ਜਿਸ ਦੁਆਰਾ ਅਜਿਹੇ ਕਰਮਚਾਰੀ ਦੀ ਨਿਰੰਤਰ ਨਿਯੁਕਤੀ ਅਜ਼ਮਾਇਸ਼ੀ ਦੇ ਨਿਰਧਾਰਿਤ ਸਮੇਂ ਤੋਂ ਵੱਧ ਲੇਟ ਕੀਤੀ ਜਾਂਦੀ ਹੈ।

ਉਹਨਾਂ ਕਰਮਚਾਰੀਆਂ ਤੋਂ ਬਿਨਾਂ ਜਿਹੜੇ ਇਹ ਵਿਨਿਯਮ ਲਾਗੂ ਹੋਣ ਤੋਂ ਪਹਿਲਾਂ ਹੀ ਪੱਕੇ ਹੋ ਚੁੱਕੇ ਹੋਣਗੇ, ਸੇਵਾ ਦੇ ਮੈਂਬਰਾਂ ਦੇ ਕੇਡਰ ਵਿਚ ਸੀਨੀਆਰਤਾ ਇਸ ਵਿਨਿਯਮ ਵਿਚ ਦਰਸਾਏ ਅਨੁਸਾਰ ਹੀ ਨਿਯਮਤ ਅਤੇ ਨਿਰਧਾਰਿਤ ਕੀਤੀ ਜਾਵੇਗੀ।

14. ਸੇਵਾ ਦੇ ਮੈਂਬਰਾਂ ਦੀ ਤਨਖਾਹ

ਸੇਵਾ ਦੇ ਮੈਂਬਰ ਤਨਖਾਹ ਦੇ ਉਹਨਾਂ ਸਕੇਲਾਂ ਦੇ ਹੱਕਦਾਰ ਹੋਣਗੇ ਜਿਹੜੇ ਬੋਰਡ ਵੱਲੋਂ ਸਮੇਂ-ਸਮੇਂ ਸਿਰ ਮਨੌਜ਼ੂਰ ਕੀਤੇ ਜਾਣਗੇ। ਸੁਨਿਸ਼ਚਿਤ (Specified ) ਆਸਾਮੀਆਂ ਦੇ ਵਰਤਮਾਨ ਤਨਖਾਹ ਦੇ ਸਕੇਲ ਅਨੁਲੱਗ-ੳ ਵਿੱਚ ਦਰਸਾਏ ਗਏ ਹਨ।

15. ਛੁੱਟੀ ਪੈਨਸ਼ਨ ਅਤੇ ਹੋਰ ਮਾਮਲੇ:

ਤਨਖਾਹ, ਛੁੱਟੀ , ਪੈਨਸ਼ਨ ਅਤੇ ਹੋਰ ਮਾਮਲਿਆ ਸਬੰਧੀ, ਜਿਹਨਾਂ ਬਾਰੇ ਇਹਨਾਂ ਵਿਨਿਯਮਾਂ ਵਿੱਚ ਸਪੱਸ਼ਟ ਤੌਰ ਤੇ ਉਪਬੰਧ ਨਹੀ ਕੀਤਾ ਗਿਆ ਹੈ, ਸੇਵਾ ਦੇ ਮੈਂਬਰਾਂ ਤੇ , ਸਮੱਰਥ ਅਧਿਕਾਰੀ ਵੱਲੋ ਬਣਾਏ / ਅਪਣਾਏ ਜਾਂ ਇਸ ਉਪਰੰਤ ਬਣਾਏ ਗਏ ਨਿਯਮ ਅਤੇ ਵਿਨਿਯਮ ਲਾਗੂ ਹੋਣਗੇ।

16. ਅਨੁਸ਼ਾਸ਼ਨ, ਸਜਾਵਾਂ ਅਤੇ ਅਪੀਲ:

ੳ) ਅਨੁਸ਼ਾਸ਼ਨ, ਸਜ਼ਾ ਅਤੇ ਅਪੀਲ ਦੇ ਮਾਮਲਿਆਂ ਸਬੰਧੀ ਸੇਵਾ ਦੇ ਮੈਂਬਰਾਂ ਤੇ ਪੰਜਾਬ ਰਾਜ ਬਿਜਲੀ ਬੋਰਡ ( ਸਜ਼ਾ ਅਤੇ ਅਪੀਲ) ਵਿਨਿਯਮ-1971, ਜਿਵੇਂ ਸਮੇਂ ਸਮੇ਼ ਸਿਰ ਸੋਧੇ ਗਏ ਹੋਣ, ਲਾਗੂ ਹੋਣਗੇ।

ਪਰ ਇਹ ਵਿਨਿਯਮ ਉਹਨਾਂ ਸਰਕਾਰੀ ਕਰਮਚਾਰੀਆਂ ਤੇ ਲਾਗੂ ਨਹੀਂ ਹੋਣਗੇ ਜਿਹੜੇ ਮਿਤੀ 31/1/59 ਨੂੰ ਪੰਜਾਬ ਲੋਕ ਨਿਰਮਾਣ ਵਿਭਾਗ ਅਧੀਨ ਬਿਜਲੀ ਸ਼ਾਖਾ ਵਿਚ ਕੋਈ ਮੂਲ ਪੱਕੀ ਪੈਨਸ਼ਨ ਯੋਗ ਆਸਾਮੀ ਤੇ ਤੈਨਾਤ ਸਨ, ਇਹਨਾਂ ਵਿਚ ਉਹ ਕਰਮਚਾਰੀ ਵੀ ਸ਼ਾਮਲ ਹਨ ਜਿਹੜੇ ਉਕਤ ਸ਼ਾਖਾ ਵਿਚ ਪੰਜਾਬ ਸਰਕਾਰ ਅਧੀਨ ਕਿਸੇ ਪੱਕੀ ਆਸਾਮੀ ਵਿਰੁੱਧ ਅਜ਼ਮਾਇਸ਼ੀ ਕਾਲ ਤੇ ਸਨ ਜਦੋਂ ਉਹ ਬੋਰਡ ਵਿੱਚ ਵਿਦੇਸ਼ੀ ਸੇਵਾ (ਫਾਰਨ ਸਰਵਿਸ ) ਤੇ ਸਨ ਅਤੇ ਉਹਨਾਂ ਦੀਆਂ ਸੇਵਾਵਾਂ ਬੋਰਡ ਅਧੀਨ ਬਦਲ ਦਿੱਤੀਆਂ ਗਈਆਂ ਸਨ, ਅਜਿਹੇ ਕਰਮਚਾਰੀ ਜਦੋਂ ਤੱਕ ਇਹਨਾਂ ਵਿਨਿਯਮਾਂ ਅਧੀਨ ਆਉਣ ਦੀ ਚੋਣ ਨਹੀਂ ਕਰ ਲੈਂਦੇ,ਉਦੋਂ ਤੱਕ ਉਹਨਾਂ ਤੇ ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ (ਸਜ਼ਾ ਅਤੇ ਅਪੀਲ) ਵਿਨਿਯਮ-1971 ਦੇ ਅਨੁਲੱਗ- ੳ ਵਿੱਚ ਦਰਸਾਏ ਵਿਨਿਯਮ ਹੀ ਲਾਗੂ ਰਹਿਣਗੇ।

ਅ) ਉਹ ਅਧਿਕਾਰੀ, ਜਿਹਨਾਂ ਨੂੰ ਪੰ:ਰਾ:ਬਿ:ਬੋ ਕਰਮਚਾਰੀ (ਸਜ਼ਾ ਅਤੇ ਅਪੀਲ) ਵਿਨਿਯਮ- 1971/ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਵਿਨਿਯਮ-1970 ਅਧੀਨ ਸੇਵਾ ਦੇ ਮੈਂਬਰਾਂ ਨੂੰ ਸਜ਼ਾਵਾਂ ਦੇਣ ਦੇ ਅਖਤਿਆਰ ਦਿੱਤੇ ਗਏ ਹਨ ਅਤੇ ਇਸ ਅਧੀਨ ਅਪੀਲ ਅਧਿਕਾਰੀ, ਇਹਨਾਂ ਵਿਨਿਯਮਾਂ ਦੇ ਅਨੁਲੱਗ-ਅ ਵਿਚ ਦਰਸਾਏ ਅਨੁਸਾਰ ਹੋਣਗੇ।

17. ਟੀਕਾ ਕਰਨ ਅਤੇ ਮੁੜ ਟੀਕਾ ਲਗਾਉਣ ਦੀ ਜਿੰਮੇਵਾਰੀ:

ਸੇਵਾ ਦਾ ਹਰ ਇਕ ਮੈਂਬਰ ਜਦੋਂ ਵੀ ਬੋਰਡ ਆਮ ਜਾਂ ਵਿਸ਼ੇਸ਼ ਹੁਕਮ ਰਾਹੀਂ ਆਦੇਸ਼ ਦੇਵੇ, ਆਪਣੇ ਟੀਕਾ ਜਾਂ ਦੁਬਾਰਾ ਟੀਕਾ ਲਗਵਾਏਗਾ।

18. ਸੇਵਾ ਦੇ ਮੈਂਬਰਾਂ ਦੀ ਬਦਲੀ ਬਾਰੇ ਜਿੰਮੇਵਾਰੀ:

ਬੋਰਡ, ਸੇਵਾ ਦੇ ਕਿਸੇ ਵੀ ਮੈਂਬਰ ਨੂੰ ਕਿਸੇ ਵੀ ਆਸਾਮੀ ਤੇ , ਬੇਸ਼ਕ ਉਹ ਕਿਸੇ ਹੋਰ ਦੂਜੀ ਸੇਵਾ ਵਿਚ ਸ਼ਾਮਲ ਹੋਵੇ ਜਾਂ ਨਾ, ਮੁੱਖ ਸੇਵਾਵਾਂ ਵਿਨਿਯਮ-1972, ਜਿਲਦ-1,ਭਾਗ-1 ਦੇ ਵਿਨਿਯਮ 3.16 ਵਿਚ ਨਿਸਚਿਤ ਸ਼ਰਤਾਂ ਦੇ ਅਨੁਸਾਰ ਬਦਲ ਸਕਦਾ ਹੈ।

19. ਸੇਵਾ ਲਈ ਜਿੰਮੇਵਾਰੀ:

ਸੇਵਾ ਦਾ ਮੈਂਬਰ, ਸਮੱਰਥ ਅਧਿਕਾਰੀ ਦੇ ਆਦੇਸ਼ ਦੇਣ ਤੇ, ਕਿਸੇ ਵੀ ਸਥਾਨ ਤੇ ਬੇਸ਼ਕ ਉਹ ਸਥਾਨ, ਪੰ:ਰਾ:ਬਿ:ਬੋ ਦੇ ਅਦਾਰੇ ਅੰਦਰ ਜਾਂ ਬਾਹਰ ਹੋਵੇ, ਸੇਵਾ ਕਰਨ ਲਈ ਪਾਬੰਦ ਹੋਵੇਗਾ।

20. ਵਫਾਦਾਰੀ ਦੀ ਸਹੁੰ:

ਸੇਵਾ ਦੇ ਹਰ ਇਕ ਮੈਂਬਰ ਨੂੰ ਪ੍ਰਵਾਨਿਤ ਕਾਨੂੰਨ ਅਨੁਸਾਰ ਭਾਰਤ ਅਤੇ ਭਾਰਤ ਦੇ ਸੰਵਿਧਾਨ ਪ੍ਰਤੀ ਵਫਾਦਾਰੀ ਦੀ ਸਹੁੰ ਚੁੱਕਣੀ ਪਵੇਗੀ

21. ਰਿਆਇਤ/ ਛੋਟ ਦੇਣ ਦੇ ਅਧਿਕਾਰ:

ਜਿਥੇ ਬੋਰਡ ਦੀ ਰਾਏ ਹੋਵੇ ਕਿ ਇੰਝ ਕਰਨਾ ਜ਼ਰੂਰੀ ਜਾਂ ਸਮੇਂ ਅਨੁਸਾਰ ਉਚਿੱਤ ਹੈ, ਤਾਂ ਬੋਰਡ ਲਿਖਤੀ ਆਦੇਸ਼ ਰਾਹੀਂ ਕਾਰਨ ਦਰਜ ਕਰਦੇ ਹੋਇਆਂ ਕਿਸੇ ਸ਼੍ਰੇਣੀ ਜਾਂ ਵਰਗ ਦੇ ਵਿਅਕਤੀ ਦੇ ਸਬੰਧ ਵਿੱਚ, ਇਹਨਾਂ ਵਿਨਿਯਮਾਂ ਦੀ ਕਿਸੇ ਵੀ ਧਾਰਾ/ ਉਪਬੰਧ ਵਿਚ ਰਿਆਇਤ/ਛੋਟ ਦੇ ਸਕਦਾ ਹੈ।

22. ਵਿਨਿਯਮਾਂ ਦੀ ਵਿਆਖਿਆ:

ਜੇਕਰ ਇਹਨਾਂ ਵਿਨਿਯਮਾਂ ਦੀ ਵਿਆਖਿਆ ਪ੍ਰਤੀ ਕੋਈ ਮੱਤ ਭੇਦ/ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਉਸ ਦਾ ਫੈਸਲਾ ਬੋਰਡ ਕਰੇਗਾ।

ਨੱਥੀ/ਅਨੁਲੱਗ 'ੳ' ਅਤੇ 'ਅ'

ਚੀਫ ਆਈ.ਆਰ. ਤੇ ਡਬਲਿਯੂ,
ਪੰਜਾਬ ਰਾਜ ਬਿਜਲੀ ਬੋਰਡ,
ਪਟਿਆਲਾ।

## ਅੰਤਿਕਾ/ਅਨੁਲੱਗ-ੳ

ਜਿਸ ਦਾ ਹਵਾਲਾ ਨਿਯਮ-3 ਅਤੇ 14 ਵਿਚ ਦਿੱਤਾ ਗਿਆ ਹੈ।

| ਲੜੀਨੰ: | ਆਸਾਮੀ ਦਾ ਨਾਂ | ਤਨਖਾਹ ਦਾ ਸਕੇਲ |
|---|---|---|
| 1. | ਸੀ.ਐਚ.ਡੀ | 7500-12500 |
| 2. | ਡੀ.ਐਚ.ਡੀ | 7000-11750 |
| 3. | ਡੀ.ਐਮ | 6300-10700 |
| 4. | ਜੇ.ਡੀ. ਐਮ | 4300-7500 |

# ਅੰਤਿਕਾ/ਅਨੁਲੱਗ-ਅ

ਜਿਸ ਦਾ ਹਵਾਲਾ ਨਿਯਮ-4 ਅਤੇ 16 (ਅ) ਵਿਚ ਦਿੱਤਾ ਗਿਆ ਹੈ।

| ਲੜੀ ਨੰ: | ਕਰਮਚਾਰੀ ਦਾ ਅਹੁਦਾ | ਸਜ਼ਾ ਦੀ ਕਿਸਮ | ਨਿਯੁਕਤੀ ਅਧਿਕਾਰੀ ਅਤੇ ਸਜ਼ਾ ਦੇਣ ਲਈ ਸਮਰੱਥ ਅਧਿਕਾਰੀ | ਅਪੀਲ ਅਧਿਕਾਰੀ |
|---|---|---|---|---|
| 1. | ਸੀ.ਐਚ.ਡੀ | ਛੋਟੀਆਂ ਸਜ਼ਾਵਾਂ<br>1. ਨਿਖੇਧੀ ਕਰਨਾ<br>2. ਉਸ ਦੀਆਂ ਤਰੱਕੀਆਂ ਰੋਕ ਦੇਣਾ<br>3. ਲਾਪ੍ਰਵਾਹੀ ਜਾਂ ਆਦੇਸ਼ਾਂ ਦੀ ਉਲੰਘਣਾ ਕਰਨ ਕਰਕੇ ਹੋਏ ਬੋਰਡ ਦੇ ਕਿਸੇ ਮਾਲੀ (ਆਰਥਿਕ) ਨੁਕਸਾਨ ਨੂੰ ਪੂਰਾ ਕਰਨ ਲਈ ਉਸ ਦੀ ਤਨਖਾਹ ਵਿਚੋਂ ਸਮੂੱਚੇ ਤੌਰ ਤੇ ਜਾਂ ਭਾਗਾਂ ਵਿੱਚ ਵਸੂਲੀ ਕਰਨਾ।<br>4. ਤਨਖਾਹ ਦੀਆਂ ਸਲਾਨਾ ਤਰੱਕੀਆਂ ਸਮੂਚੇ ਪ੍ਰਭਾਵ ਤੋਂ ਬਗੈਰ ਰੋਕ ਲੈਣਾ। | ਮੁੱਖ ਇੰਜੀਨੀਅਰ | ਏ.ਐਮ. |
| 2. | ਡੀ.ਐਚ.ਡੀ. | -ਉਹੀ- | -ਉਹੀ- | -ਉਹੀ- |
| 3. | ਡੀ.ਐਮ. | -ਉਹੀ- | -ਉਹੀ- | - ਉਹੀ- |
| 4. | ਜੇ.ਡੀ.ਐਮ. | -ਉਹੀ- | ਨਿਗ:ਇੰਜੀਨੀਅਰ | ਮੁੱਖ ਇੰਜ: |

## ਵੱਡੀਆਂ ਸਜ਼ਾਵਾਂ

ਉਪਰੋਕਤ ਇਕ ਤੋਂ ਚਾਰ ਕੈਟਾਗਰੀਆਂ ਲਈ :

5. ਸਮੂਚੇ ਪ੍ਰਭਾਵ ਸਹਿਤ ਤਨਖਾਹ ਦੀਆਂ ਸਲਾਨਾ ਤਰੱਕੀਆ ਰੋਕਣਾ ਜਾਂ ਸੁਨਿਸ਼ਚਿਤ ਸਮੇਂ ਲਈ ਤਨਖਾਹ ਦੇ ਸਮਾਂ ਸਕੇਲ ਦੀ ਹੇਠਲੀ ਸਟੇਜ ਤੇ ਲਿਆਉਣਾ। ਇਸ ਸਬੰਧੀ ਅਗਲੇਰੀ ਹਦਾਇਤ ਨਾਲ ਕਿ ਕੀ ਅਜਿਹੇ ਹੇਠਲੀ ਸਟੇਜ ਤੇ ਲਿਆਉਣ ( reduction ) ਦੇ ਸਮੇਂ ਦੌਰਾਨ ਕਰਮਚਾਰੀ ਤਨਖਾਹ ਦੀਆ ਸਲਾਨਾ ਤਰੱਕੀਆਂ ਕਮਾਏਗਾ ਜਾਂ ਨਹੀਂ ਅਤੇ ਕੀ ਸਮੇਂ ਦੇ ਖਤਮ ਹੋਣ ਤੇ ਹੇਠਾਂ ਲਿਆਉਣਾ ਉਸ ਦੀ ਤਨਖਾਹ ਦੀ ਸਬੰਗਤ ਭਵਿੱਖੀ ਸਲਾਨਾ ਤਰੱਕੀਆਂ ਨੂੰ ਪ੍ਰਭਾਵਿਤ ਕਰੇਗਾ ਜਾਂ ਨਹੀਂ।

6. ਤਨਖਾਹ ਦੇ ਸਮਾਂ ਸਕੇਲ, ਗਰੇਡ, ਪੱਦ / ਆਸਾਮੀ ਜਾਂ ਸੇਵਾ ਵਿਚ ਹੇਠਲੀ ਸਟੇਜ਼ ਤੇ ਲਿਆਉਣਾ ਜਿਹੜੀ ਸਧਾਰਨ ਤੌਰ ਤੇ ਕਰਮਚਾਰੀ ਦੀ ਉਸ ਤਨਖਾਹ ਦਾ ਸਮਾਂ ਸਕੇਲ, ਗਰੇਡ, ਪੱਦ / ਆਸਾਮੀ, ਜਾਂ ਸੇਵਾ ਲਈ ਤਰੱਕੀ ਵਾਸਤੇ ਰੋਕ ਹੋਵੇਗੀ ਜਿਸ ਆਸਾਮੀ ਤੋਂ ਉਸ ਨੂੰ ਹੇਠਾਂ ਲਿਆਦਾ ਗਿਆ ਸੀ ਸਮੇਤ ਇਸ ਸਬੰਧੀ ਹੋਰ ਹਦਾ-ਇਤਾਂ ਸਹਿਤ ਜਾਂ ਉਹਨਾਂ ਤੋਂ ਬਿਨਾਂ ਜਿਹੜੀਆਂ ਗਰੇਡ ਜਾਂ ਪੋਸਟ ਜਾਂ ਸੇਵਾ ਜਿਸ ਤ੍ਰੋਂ ਕਰਮਚਾਰੀ ਨੂੰ ਹੇਠ ਲਿਆਂਦਾ ਗਿਆ ਸੀ ਤੇ ਮੁੜ ਲਗਾਉਣ ਦੀਆਂ ਸ਼ਰਤਾਂ ਸਬੰਧੀ ਅਤੇ ਉਸ ਦੇ ਉਸ ਗਰੇਡ, ਆਸ਼ਾਮੀ ਜਾਂ ਸੇਵਾ ਤੇ ਮੁੜ ਲਗਾਉਣ ਉਪਰੰਤ ਸੀਨੀਆਰਤਾ ਅਤੇ ਤਨਖਾਹ ਨਾਲ ਸਬੰਧਤ ਹੋਣ।

7. ਲਾਜਮੀ ਸੇਵਾ ਨਵਿਰਤੀ
( Retirement )

8. ਸੇਟਾ ਤੋਂ ਬਰਤਰਫੀ
( Removal )
ਜਿਸ ਦਾ ਅਰਥ ਬੋਰਡ ਅਧੀਨ ਭਵਿੱਖ ਵਿਚ ਨੌਕਰੀ ਤੇ ਲਗਣ ਸਬੰਧੀ ਅਯੋਗਤਾ ਨਹੀਂ ਹੋਵੇਗਾ।

9. ਸੇਵਾ ਤੋਂ ਬਰਖਾਸਤਗੀ
( Dismissal )
ਜਿਸ ਦਾ ਅਰਥ ਸਧਾਰਨ ਤੌਰ ਤੇ ਭਵਿੱਖ ਵਿਚ ਬੋਰਡ ਅਧੀਨ ਨੌਕਰੀ ਦੇਣ ਲਈ ਅਯੋਗਤਾ ਹੋਵੇਗੀ।